# ਉਪ ਨਿਯਮ

ਦੀ ..................

ਸਹਿਕਾਰੀ ਕਿਰਤ ਅਤੇ ਉਸਾਰੀ

ਸਭਾ ਲਿਮ; ............

# ਦੀ.................. ਸਹਿਕਾਰੀ ਕਿਰਤ ਅਤੇ ਉਸਾਰੀ ਸਭਾ ਲਿਮਟਿਡ

# ......................

# ਦੇ

# ਉਪ-ਨਿਯਮ

**ਨਾਮ, ਪਤਾ ਅਤੇ ਕਾਰਵਾਈ/ਸਰਗਰਮੀ ਦਾ ਖੇਤਰ**

1. ਸਭਾ ਨੂੰ .............. ਸਹਿਕਾਰੀ ਕਿਰਤ ਅਤੇ ਉਸਾਰੀ ਸਭਾ ਲਿਮਟਿਡ ਦੇ ਨਾਂ ਨਾਲ ਜਾਣਿਆ ਜਾਵੇਗਾ। ਇਸ ਤੋਂ ਮਗਰੋਂ ਇੱਥੇ ਇਸ ਦਾ ਹਵਾਲਾ ਸਭਾ ਵਜੋਂ ਦਿੱਤਾ ਜਾਵੇਗਾ।

2. ਸਭਾ ਦਾ ਰਜਿਸਟਰਡ ਪਤਾ ਹੋਵੇਗਾ....................... ਡਾਕ ਘਰ..............................ਤਹਿਸੀਲ................................ ਜ਼ਿਲ੍ਹਾ........................................।

3. ਇਸ ਸਭਾ ਦੀ ਕਾਰਵਾਈ/ਸਰਗਰਮੀ ਦੇ ਖੇਤਰ ਦੇ ਘੇਰੇ ਵਿੱਚ ਨਿਮਨਲਿਖਿਤ ਪਿੰਡ ਆਵੇਗਾ/ਆਉਣਗੇ :

## ਉਦੇਸ਼

4. ਹੱਥੀਂ ਕੰਮ ਕਰਨ ਵਾਲੇ ਕਿਰਤੀਆਂ, ਨਿਪੁੰਨ ਤੇ ਗ਼ੈਰ-ਨਿਪੁੰਨ ਕਾਮਿਆਂ ਦੇ ਆਰਥਿਕ ਹਿਤਾਂ ਨੂੰ ਉਤਸਾਹਿਤ ਕਰਨਾ ਸਭਾ ਦੇ ਉਦੇਸ਼ ਹੋਣਗੇ ਅਤੇ ਉਸ ਉਦੇਸ਼ ਲਈ ;

   (i) ਟੈਂਡਰਾਂ ਦੀ ਪੇਸ਼ਕਸ਼ ਜਾਂ ਕਿਸੇ ਹੋਰ ਢੰਗ ਨਾਲ ਜਨਤਕ ਜਾਂ ਨਿੱਜੀ (ਪ੍ਰਾਈਵੇਟ) ਕੰਮ ਕਰਨ ਦੇ ਠੇਕੇ ਲੈ ਕੇ ਉਨ੍ਹਾਂ ਲਈ ਢੁਕਵਾਂ ਅਤੇ ਲਾਹੇਵੰਦ ਰੋਜ਼ਗਾਰ ਲੱਭਣਾ ;

   (ii) ਕੰਮ ਨੂੰ ਇਸ ਢੰਗ ਨਾਲ ਅੰਜਾਮ ਦੇਣਾ, ਅਤੇ ਕੰਮ ਨੂੰ ਇੰਝ ਸੰਗਠਤ ਕਰਨਾ ਕਿ ਮੈਂਬਰ ਬੇਰੁਜ਼ਗਾਰੀ ਤੋਂ ਬਚੇ ਰਹਿਣ ;

   (iii) ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਔਜ਼ਾਰ, ਉਪਕਰਣ ਅਤੇ ਮਸ਼ੀਨਰੀ ਖਰੀਦਣੀ ਜਾਂ ਕਿਰਾਏ ’ਤੇ ਲੈਣੀ ;

   (iv) ਮੈਂਬਰਾਂ ਨੂੰ ਰਾਜਗਿਰੀ, ਤਰਖਾਣਾ ਅਤੇ ਹੋਰ ਸਹਾਇਕ ਕਿੱਤਿਆਂ ਦੀ ਸਿਖਲਾਈ ਦੇ ਕੇ ਮੈਂਬਰਾਂ ਦੀ ਕਾਰਜਕੁਸ਼ਲਤਾ ਅਤੇ ਨਿਪੁੰਨਤਾ ਵਿੱਚ ਸੁਧਾਰ ਕਰਨਾ ;

   (v) ਮੈਂਬਰਾਂ ਦੀਆਂ ਘਰੇਲੂ ਵਸਤਾਂ ਦੀ ਸਾਂਝੀ ਖਰੀਦ ਅਤੇ ਉਨ੍ਹਾਂ ਦੀਆਂ ਹੋਰ ਲੋੜਾਂ ਦੀ ਪੂਰਤੀ ਲਈ ਏਜੰਟਾਂ ਵਿੱਚ ਕੰਮ ਕਰਨਾ ;

   (vi) ਮੈਂਬਰਾਂ ਵਿੱਚ ਆਮ ਤੌਰ ਉੱਤੇ ਘੱਟ-ਖ਼ਰਚ (ਕਿਫ਼ਾਇਤ), ਸਵੈ-ਸਹਾਇਤਾ ਅਤੇ ਸਹਿਯੋਗ/ਸਹਿਕਾਰਤਾ ਨੂੰ ਉਤਸਾਹਿਤ ਕਰਨਾ ; ਅਤੇ

   (vii) ਅਜਿਹੀਆਂ ਹੋਰ ਗਤੀਵਿਧੀਆਂ ਕਰਨੀਆਂ ਜੋ ਕਿ ਸਭਾ ਦੇ ਉਦੇਸ਼ਾਂ ਦੀਆਂ ਚਾਲਕ ਅਤੇ ਇਤਫ਼ਾਕੀਆ ਹਨ।

## ਮੈਂਬਰਸ਼ਿਪ

5. ਉਪ-ਨਿਯਮ 6 ਦੀਆਂ ਵਿਵਸਥਾਵਾਂ ਦੀ ਸ਼ਰਤ ਅਨੁਸਾਰ, ਅਜਿਹਾ ਕੋਈ ਵੀ ਵਿਅਕਤੀ ਇਸ ਸਭਾ ਦੇ ਮੈਂਬਰ ਵਜੋਂ ਦਾਖ਼ਲੇ ਲਈ ਯੋਗ ਹੋਵੇਗਾ ਜੇ ਉਹ :-

   (i) ਉਮਰ ਵਿੱਚ 18 ਵਰ੍ਹਿਆਂ ਤੋਂ ਉੱਪਰ ਹੈ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਹੈ :

   (ii) ਸਭਾ ਦੀ ਸਰਗਰਮੀ/ਕਾਰਵਾਈ ਦੇ ਖੇਤਰ ਵਿੱਚ ਵਸਣ ਵਾਲਾ ਸਾਧਾਰਣ ਨਿਵਾਸੀ ਹੈ ; ਅਤੇ

   (iii) ਚੰਗਾ ਚਰਿੱਤਰਵਾਨ ਹੈ :

   (iv) ਇੱਕ ਨਿਪੁੰਨ ਜਾਂ ਗ਼ੈਰ-ਨਿਪੁੰਨ ਕਾਮਾ ਹੈ। ਹਮਦਰਦ ਮੈਂਬਰਾਂ ਨੂੰ ਛੱਡ ਕੇ, ਜੋ 5 ਤੋਂ ਵੱਧ ਨਹੀਂ ਹੋਣੇ ਚਾਹੀਦੇ ਜਾਂ ਸਭਾ ਦੀ ਕੁੱਲ ਮੈਂਬਰਸ਼ਿਪ ਦਾ 1/1●ਵਾਂ ਭਾਗ-ਇਨ੍ਹਾਂ 'ਚੋਂ ਜੋ ਵੀ ਘੱਟ ਹੋਵੇ, ਹੋਣੇ ਚਾਹੀਦੇ ਹਨ।

6. ਕੋਈ ਵੀ ਵਿਅਕਤੀ ਇਸ ਸਭਾ ਦੇ ਮੈਂਬਰ ਵਜੋਂ ਦਾਖ਼ਲੇ ਦੇ ਯੋਗ ਨਹੀਂ ਹੋਵੇਗਾ, ਜੇ :-

   (i) ਓ_ਸ ਨ` ਦਿਵਾਲੀਆਪਣ ਲਈ ਬ`ਨਤੀ ਪੱਤਰ ਦਾਖ਼ਲ ਕੀਤਾ ਹ`ਇਆ ਹ` ਜਾਂ

   (ii) ਉਸ ਨੂੰ ਇੱਕ ਦਿਵਾਲੀਆ ਐਲਾਨਿਆ ਜਾ ਚੁੱਕਿਆ ਹੈ।

   (iii) ਉਸ ਦੇ ਮੈਂਬਰ ਵਜੋਂ ਦਾਖ਼ਲੇ ਦੀ ਤਰੀਕ ਤੋਂ ਪਿਛਲੇ 5 ਸਾਲਾਂ ਦੇ ਸਮੇਂ ਅੰਦਰ ਬੇਈਮਾਨੀ ਜਾਂ ਨੈਤਿਕ ਗਿਰਾਵਟ ਵਾਲੇ ਕਿਸੇ ਜੁਰਮ ਬਦਲੇ ਉਸਨੂੰ ਸਜ਼ਾ ਸੁਣਾਈ ਗਈ ਹੈ : ਜਾਂ

   (iv) ਉਹ ਇੱਕ ਪ੍ਰਵਾਨਿਤ/ਮਨਜ਼ੂਰਸ਼ੁਦਾ ਠੇਕੇਦਾਰ ਹੈ।

7. ਸ਼ੇਅਰਾਂ ਦੀ ਅਲਾਟਮੈਂਟ ਲਈ ਰਜਿਸਟ੍ਰੇਸ਼ਨ ਵਾਸਤੇ ਬਿਨੈ-ਪੱਤਰ ਦਰਜ ਕਰਵਾਉਣ ਵਾਲਿਆਂ ਤੋਂ ਛੁੱਟ ਮੈਂਬਰ ਵਜੋਂ ਦਾਖ਼ਲੇ ਲਈ ਬਿਨੈ-ਪੱਤਰ ਦਾ ਸਭਾ ਦੀ ਪ੍ਰਬੰਧਕੀ ਕਮੇਟੀ ਵਲੋਂ ਨਿਬੇੜਾ ਕਰ ਦਿੱਤਾ ਜਾਵੇਗਾ। ਜੇ ਕਮੇਟੀ ਇੱਕ ਵਿਅਕਤੀ ਨੂੰ ਦਾਖ਼ਲਾ ਦੇਣ ਤੋਂ ਇਨਕਾਰ ਕਰਦੀ ਹੈ ਤਾਂ ਉਹ ਅਜਿਹੇ ਇਨਕਾਰ ਦੇ ਕਾਰਨ ਦਾ ਰਿਕਾਰਡ ਰੱਖੇਗੀ ਅਤੇ ਸਬੰਧਤ ਵਿਅਕਤੀ ਨੂੰ ਵੀ ਇਸ ਕਾਰਨ ਬਾਰੇ ਸੂਚਿਤ ਕੀਤਾ ਜਾਵੇਗਾ। ਅਜਿਹਾ ਕੋਈ ਵੀ ਵਿਅਕਤੀ, ਜਿਸਨੂੰ ਸਭਾ ਵਿੱਚ ਦਾਖ਼ਲਾ ਦੇਣ ਤੋਂ ਇਨਕਾਰ ਕੀਤਾ ਗਿਆ ਹੈ ਉਸ ਨੂੰ ਅਪੀਲ ਕਰਨ ਦਾ ਹੱਕ ਹੋਵੇਗਾ। ਅਜਿਹੀ ਅਪੀਲ ਉੱਤੇ ਰਜਿਸਟਰਾਰ ਦਾ ਫ਼ੈਸਲਾ ਇਸ ਸਭਾ ਅਤੇ ਅਪੀਲਕਰਤਾ ਦੋਹਾਂ ਨੂੰ ਮੰਨਣਾ ਹੋਵੇਗਾ।

8. ਅਹੁਦੇਦਾਰ ਚੁਣਨ ਲਈ ਜਨਰਲ ਬਾਡੀ ਦੀ ਮੀਟਿੰਗ ਵਾਸਤੇ ਨਿਸ਼ਚਿਤ ਕੀਤੀ ਗਈ ਤਰੀਕ ਤੋਂ ਪੰਦਰਾਂ ਦਿਨ ਪਹਿਲਾਂ ਦੇ ਸਮੇਂ ਦੌਰਾਨ ਕਿਸੇ ਮੈਂਬਰ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

9. ਹਰੇਕ ਮੈਂਬਰ 1●/- ਰੁਪਏ ਦਾਖ਼ਲਾ ਫ਼ੀਸ ਦਾ ਭੁਗਤਾਨ ਕਰੇਗਾ। ਦਾਖ਼ਲੇ ਵੇਲੇ ਮੈਂਬਰ ਨੂੰ ਮੈਂਬਰਾਂ ਵਾਲੇ ਰਜਿਸਟਰ ਉਤੇ ਦਸਤਖ਼ਤ ਕਰਨੇ ਹੋਣਗੇ ਜਾਂ ਅੰਗੂਠਾ ਲਾਉਣਾ ਹੋਵੇਗਾ।

1●. (i) ਇਸ ਸਭਾ ਦਾ ਹਰੇਕ ਮੈਂਬਰ ਇੱਕ ਵਿਅਕਤੀ ਜਾਂ ਵਿਅਕਤੀਆਂ ਜਾਂ ਜਿਸ ਨੂੰ ਉਸ ਨੇ ਆਪਣਾ ਸ਼ੇਅਰ ਜਾਂ ਵਿਆਜ ਵਿਚੋਂ ਆਪਣੇ ਸ਼ੇਅਰ ਜਾਂ ਵਿਆਜ ਜਾਂ ਅਜਿਹੀ ਰਾਸ਼ੀ ਤਬਦੀਲ (ਟ੍ਰਾਂਸਫ਼ਰ) ਜਾਂ ਅਦਾ ਕੀਤੀ ਹੋਵੇਗੀ, ਜਿਸ ਦਾ ਵਰਨਣ ਮੈਂਬਰ ਵੱਲੋਂ ਕੀਤਾ ਜਾ ਸਕਦਾ ਹੈ--ਨੂੰ ਨਾਮਜ਼ਦ ਕਰੇਗਾ ; ਜਿਵੇਂ ਕਿ ਇਨ੍ਹਾਂ ਉਪ-ਨਿਯਮਾਂ ਵਿੱਚ ਦਰਜ ਕੀਤਾ ਗਿਆ ਹੈ।

   (ii) ਅਜਿਹੀਆਂ ਨਾਮਜ਼ਦਗੀਆਂ, ਸਮੇਂ-ਸਮੇਂ ਸਿਰ, ਮੈਂਬਰ ਵੱਲੋਂ ਰੱਦ ਕੀਤੀਆਂ ਜਾ ਸਕਦੀਆਂ ਹਨ ਜਾਂ ਉਹ ਇਨ੍ਹਾਂ ਵਿੱਚ ਸੋਧ ਕਰ ਸਕਦਾ ਹੈ।

(iii) ਨਾਮਜ਼ਦ ਮੈਂਬਰਾਂ ਦੀ ਗਿਣਤੀ, ਸਬੰਧਤ ਮੈਂਬਰ ਦੇ ਸ਼ੇਅਰਾਂ ਦੀ ਗਿਣਤੀ ਤੋਂ ਵਧਣੀ ਨਹੀਂ ਚਾਹੀਦੀ।

(iv) ਜਦੋਂ ਇਸ ਸਭਾ ਦਾ ਕੋਈ ਮੈਂਬਰ ਇੱਕ ਤੋਂ ਵੱਧ ਵਿਅਕਤੀਆਂ ਨੂੰ ਨਾਮਜ਼ਦ ਕਰਦਾ ਹੈ, ਤਾਂ ਉਹ ਜਿੰਨਾ ਵੀ ਵਿਵਹਾਰਕ ਹੋ ਸਕੇਗਾ, ਉਹ ਸਮੁੱਚੇ ਸ਼ੇਅਰਾਂ ਤੇ ਉਨ੍ਹਾਂ 'ਤੇ ਜਮ੍ਹਾਂ ਹੋਣ ਵਾਲੇ ਵਿਆਜ ਦੇ ਸਬੰਧ ਵਿੱਚ ਹਰੇਕ ਨਾਮਜ਼ਦ ਵਿਅਕਤੀ ਨੂੰ ਅਦਾ ਜਾਂ ਤਬਦੀਲ ਕੀਤੀ ਜਾਣ ਵਾਲੀ ਰਾਸ਼ੀ ਦਾ ਵਰਨਣ ਕਰੇਗਾ।

(v) ਸਭਾ ਵੱਲੋਂ ਸਮੇਂ-ਸਮੇਂ ਸਿਰ ਰਜਿਸਟਰਾਰ ਵੱਲੋਂ ਦੱਸੇ ਢੰਗ ਅਨੁਸਾਰ ਨਾਮਜ਼ਦਗੀ ਦਾ ਰਿਕਾਰਡ ਰੱਖਿਆ ਜਾਵੇਗਾ।

(vi) ਅਜਿਹਾ ਸ਼ੇਅਰ ਜਾਂ ਵਿਆਜ ਪ੍ਰਾਪਤ ਕਰਨ ਲਈ ਨਾਮਜ਼ਦ ਵਿਅਕਤੀ ਜਾਂ ਵਿਅਕਤੀਆਂ ਨੂੰ ਤਬਦੀਲ ਜਾਂ ਅਦਾ ਕੀਤੇ ਗਏ ਸ਼ੇਅਰ ਜਾਂ ਵਿਆਜ ਦੀ ਕੀਮਤ ਦਾ ਨਿਰਧਾਰਣ, ਮੈਂਬਰ ਵੱਲੋਂ ਅਸਲ ਵਿੱਚ ਅਦਾ ਕੀਤੇ ਗਏ ਦੇ ਆਧਾਰ ਉੱਤੇ ਕੀਤਾ ਜਾਵੇਗਾ।

11. ਕੋਈ ਵੀ ਸ਼ੇਅਰ ਵਾਪਸ ਨਹੀਂ ਲਿਆ ਜਾਵੇਗਾ, ਪ੍ਰੰਤੂ ਸ਼ੇਅਰ ਕਿਸੇ ਅਜਿਹੇ ਮੈਂਬਰ ਜਾਂ ਵਿਅਕਤੀ ਨੂੰ ਤਬਦੀਲ ਕੀਤੇ ਜਾ ਸਕਦੇ ਹਨ ਜੋ ਮੈਂਬਰਸ਼ਿਪ ਲਈ ਬਾਕਾਇਦਾ ਯੋਗ ਹੋਵੇ ਅਤੇ ਪ੍ਰਬੰਧਕੀ ਕਮੇਟੀ ਵਲੋਂ ਪ੍ਰਵਾਨਿਤ ਹੋਵੇ।

12. ਤਬਦੀਲ ਕੀਤੇ ਸ਼ੇਅਰਾਂ ਦੀ ਕੀਮਤ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਦੇ ਭੁਗਤਾਨ ਦੇ ਤੌਰ ਉੱਤੇ ਸਭਾ ਵੱਲੋਂ ਹਾਸਲ ਕੀਤੀ ਰਕਮ ਤੋਂ ਵੱਧ ਨਹੀਂ ਹੋਣੀ ਚਾਹੀਦੀ।

13. (ਏ) ਇੱਕ ਮੈਂਬਰ ਨੂੰ ਨਿਮਨਲਿਖਿਤ ਵਿਚੋਂ ਕਿਸੇ ਇੱਕ ਜਾਂ ਇੱਕ ਤੋਂ ਵੱਧ ਕਾਰਨਾਂ ਕਰਕੇ ਕੱਢਿਆ ਜਾ ਸਕਦਾ ਹੈ:

(i) ਜੇ ਉਹ ਸਭਾ ਦੀ ਸਰਗਰਮੀ/ਕਾਰਵਾਈ ਦੇ ਖੇਤਰ ਵਿੱਚੋਂ ਆਪਣੀ ਰਿਹਾਇਸ਼ ਕਿਤੇ ਹੋਰ ਲੈ ਜਾਵੇ;

(ii) ਜੇ ਉਹ ਸਭਾ ਵੱਲ ਬਕਾਇਆ ਰਾਸ਼ੀਆਂ ਜਾਂ ਹਿੱਸਾ-ਪੂੰਜੀ ਅਦਾ ਕਰਨ ਤੋਂ ਨਾਕਾਮ ਰਹੇ ;

(iii) ਜੇ ਉਹ ਬੇਈਮਾਨੀ ਜਾਂ ਨੈਤਿਕ ਨੀਚਤਾ ਵਾਲੇ ਕਿਸੇ ਫੌਜਦਾਰੀ ਜੁਰਮ 'ਚ ਦੋਸ਼ੀ ਪਾਇਆ ਗਿਆ ਹੋਵੇ;

(iv) ਜੇ ਉਸ ਨੇ ਦਿਵਾਲੀਆਪਣ ਲਈ ਬਿਨੈ-ਪੱਤਰ ਦਾਖ਼ਲ ਕਰਵਾਇਆ ਹੋਵੇ;

(v) ਜੇ ਉਹ ਕੋਈ ਅਜਿਹੀ ਕਾਰਵਾਈ ਕਰੇ ਜਿਸਨੂੰ ਪ੍ਰਬੰਧਕੀ ਕਮੇਟੀ ਜਾਂ ਜਨਰਲ ਬਾਡੀ ਬੇਈਮਾਨ ਜਾਂ ਸਭਾ ਦੀ ਸਾਖ ਜਾਂ ਹਿਤਾਂ ਅਤੇ ਸਭਾ ਦੇ ਵਰਨਣ ਕੀਤੇ ਗਏ ਉਦੇਸ਼ਾਂ ਦੇ ਉਲਟ ਕਰਾਰ ਦੇਵੇ ਜਾਂ ਜੇ ਉਹ ਸਭਾ ਨਾਲ ਮੁਕਾਬਲੇ ਵਿੱਚ ਨਿਰਮਾਣ ਕਾਰਜ ਕਰੇ ਆਦਿ ;

(vi) ਜੇ ਉਹ ਇੱਕ ਸਾਲ ਤੱਕ ਸਭਾ ਦੇ ਕੰਮ-ਕਾਰ ਨਾਲ ਕਿਸੇ ਢੰਗ ਨਾਲ ਵੀ ਸਬੰਧਤ ਹੋਣ ਤੋਂ ਨਾਕਾਮ ਰਿਹਾ ਹੋਵੇ ;

(ਬੀ) ਕਿਸੇ ਵੀ ਮੈਂਬਰ ਨੂੰ ਜਨਰਲ ਬਾਡੀ ਦੀ ਮੀਟਿੰਗ ਵਿੱਚ ਦੋ-ਤਿਹਾਈ ਬਹੁਮੱਤ ਨਾਲ ਪਾਸ ਮਤੇ ਤੋਂ ਬਗ਼ੈਰ ਕੱਢਿਆ ਨਹੀਂ ਜਾ ਸਕੇਗਾ। ਕੱਢੇ ਗਏ ਮੈਂਬਰ ਨੂੰ ਅਜਿਹੇ ਫ਼ੈਸਲੇ ਖ਼ਿਲਾਫ਼ ਰਜਿਸਟਰਾਰ ਕੋਲ ਅਪੀਲ ਕਰਨ ਦਾ ਅਧਿਕਾਰ ਹੋਵੇਗਾ।। ਇਸ ਸਬੰਧ ਵਿੱਚ ਰਜਿਸਟਰਾਰ ਵਲੋਂ ਅਪੀਲ ਬਾਰੇ ਕੀਤਾ ਗਿਆ ਫ਼ੈਸਲਾ ਸਭ ਅਤੇ ਅਪੀਲਕਰਤਾ ਦੋਹਾਂ ਨੂੰ ਮੰਨਣਾ ਹੋਵੇਗਾ।

14. ਇੱਕ ਵਿਅਕਤੀ ਨਿਮਨਲਿਖਿਤ ਵਿੱਚੋਂ ਕਿਸੇ ਇੱਕ ਜਾਂ ਇੱਕ ਤੋਂ ਵੱਧ ਹਾਲਾਤ ਵਿੱਚ ਸਭਾ ਦਾ ਮੈਂਬਰ ਨਹੀਂ ਰਹੇਗਾ :

(i) ਮੌਤ ;

(ii) ਘੱਟੋ-ਘੱਟ ਇੱਕ ਸ਼ੇਅਰ ਵੀ ਉਸ ਕੋਲ ਨਾ ਰਹਿਣਾ ;

(iii) ਸਭਾ ਦੇ ਸਕੱਤਰ ਨੂੰ ਛੇ ਮਹੀਨਿਆਂ ਦੇ ਨੋਟਿਸ ਮਗਰੋਂ ਮੈਂਬਰਸ਼ਿਪ ਦੀ ਵਾਪਸੀ, ਬਸ਼ਰਤੇ ਮੈਂਬਰਸ਼ਿਪ ਵਾਪਸ ਕਰਨ ਵਾਲਾ ਮੈਂਬਰ ਸਭਾ ਦਾ ਕਰਜ਼ਦਾਰ ਨਹੀਂ ਅਤੇ ਬਸ਼ਰਤੇ ਇਹ ਵੀ ਕਿ ਮੈਂਬਰਾਂ ਦੇ ਸ਼ੇਅਰ/ਸ਼ੇਅਰਾਂ ਦਾ ਉਪ-ਨਿਯਮ (ii) ਅਨੁਸਾਰ ਨਿਪਟਾਰਾ ਕਰ ਦਿੱਤਾ ਗਿਆ ਹੈ।

(iv) ਸਥਾਈ ਪਾਗਲਪਣ ;

(v) ਦਿਵਾਲੀਆਪਣ ਦਾ ਐਲਾਨ।

## ਦੇਣਦਾਰੀ

15. ਸਭਾ ਨੂੰ ਬੰਦ/ਖ਼ਤਮ ਕਰਨ ਦੇ ਮਾਮਲੇ ਵਿੱਚ ਸਭਾ ਦੇ ਅਸਾਸਿਆਂ ਵਿੱਚ ਘਾਟੇ ਲਈ ਇੱਕ ਮੈਂਬਰ ਦੀ ਦੇਣਦਾਰੀ ਉਸ ਦੀ ਹਿੱਸਾ-ਪੂੰਜੀ ਦੀ ਕੀਮਤ ਦੇ ਪੰਜ ਗੁਣਾ ਤੱਕ ਸੀਮਤ ਹੋਵੇਗੀ।

## ਫੰਡ

16. ਸਭਾ ਇਸ ਢੰਗ ਨਾਲ ਆਪਣੇ ਫੰਡਾਂ ਨੂੰ ਵਧਾ ਸਕਦੀ ਹੈ :-

(i) 1●/-ਰੁਪਏ ਹਰੇਕ ਦੀ ਕੀਮਤ ਵਾਲੇ ਸ਼ੇਅਰ ਜਾਰੀ ਕਰਕੇ ;

(ii) ਮੈਂਬਰਾਂ ਤੋਂ ਡਿਪਾਜ਼ਿਟ ਸਵੀਕਾਰ ਕਰਕੇ ;

(iii) ਗ਼ੈਰ-ਮੈਂਬਰਾਂ ਤੋਂ ਡਿਪਾਜ਼ਿਟ ਅਤੇ ਕਰਜ਼ੇ ਵਸੂਲ ਕਰਕੇ ;

(iv) ਲਾਭ ਕਮਾ ਕੇ।

(v) ਸਰਕਾਰ ਤੋਂ ਗ੍ਰਾਂਟਾਂ, ਪੇਸ਼ਗੀਆਂ ਅਤੇ ਕਰਜ਼ਿਆਂ ਰਾਹੀਂ।

(vi) ਜੁਰਮਾਨਿਆਂ, ਦੰਡਾਂ ਅਤੇ ਡਿਮਾਰਚਾਂ ਰਾਹੀਂ।

(vii) ਠੇਕਿਆਂ ਆਦਿ ਤੋਂ ਕਮਾਏ ਗਏ ਕਮਿਸ਼ਨ ਰਾਹੀਂ।

17. (i) ਹਰੇਕ ਮੈਂਬਰ ............. ਰੁਪਏ ਮੁੱਲ ਦਾ ਘੱਟੋ-ਘੱਟ ਇੱਕ ਸ਼ੇਅਰ, ਜੋ ................ ਇੱਕਸਮਾਨ ਕਿਸ਼ਤਾਂ ਵਿੱਚ ਭੁਗਤਾਨਯੋਗ ਹੈ, ਜ਼ਰੂਰ ਲੈਣਾ ਹੋਵੇਗਾ।

(ii) ਉਪਰੋਕਤ ਵਿੱਚੋਂ ਕੋਈ ਵੀ ਧਾਰਾ, ਮੈਂਬਰ ਨੂੰ ਸ਼ੇਅਰ ਦੀ ਕੀਮਤ ਇੱਕਮੁਸ਼ਤ ਰੂਪ ਵਿੱਚ ਅਦਾ ਕਰਨ ਤੋਂ ਰੋਕ ਨਹੀਂ ਸਕਦੀ।

18. ਸਰਕਾਰ ਜਾਂ ਇੱਕ ਸਹਿਕਾਰੀ ਸਭਾ ਤੋਂ ਇਲਾਵਾ ਕੋਈ ਵੀ ਮੈਂਬਰ ਇਸ ਸਭਾ ਦੀ ਹਿੱਸਾ ਪੂੰਜੀ ਦੇ 1/1● ਹਿੱਸੇ ਤੋਂ ਵੱਧ ਹਿੱਸਾ-ਪੂੰਜੀ ਨਹੀਂ ਰੱਖ ਸਕੇਗਾ ਜਾਂ ਸਭਾ ਦੇ ਸ਼ੇਅਰਾਂ ਉੱਤੇ 5●,●●●/-ਰੁਪਏ ਤੋਂ ਵੱਧ, ਜੋ ਵੀ ਘੱਟ ਹੋਵੇ, ਦਾ ਦਾਅਵਾ ਨਹੀਂ ਕਰ ਸਕੇਗਾ। ਜੇ ਕਿਸੇ ਮੈਂਬਰ ਨੂੰ ਵਿਰਾਸਤ ਰਾਹੀਂ ਜਾਂ ਕਿਸੇ ਹੋਰ ਢੰਗ ਰਾਹੀਂ ਇਨ੍ਹਾਂ ਉਪ-ਨਿਯਮਾਂ ਅਨੁਸਾਰ ਪ੍ਰਵਾਨਿਤ 'ਸ਼ੇਅਰ ਰੱਖਣ ਦੀ ਵੱਧ ਤੋਂ ਵੱਧ ਸੀਮਾ' ਤੋਂ ਜ਼ਿਆਦਾ ਸ਼ੇਅਰਾਂ ਦਾ ਮਾਲਿਕ ਬਣ ਜਾਂਦਾ ਹੈ ਤਾਂ ਪ੍ਰਬੰਧਕੀ ਕਮੇਟੀ ਨੂੰ ਵਾਧੂ ਗਿਣਤੀ ਦੇ ਸ਼ੇਅਰ ਸਭਾ ਵਲੋਂ ਵੇਚਣ ਜਾਂ ਖਰੀਦਣ ਦਾ ਅਧਿਕਾਰ ਹੋਵੇਗਾ ਅਤੇ ਉਸਨੂੰ ਆਪਣੀ ਮਰਜ਼ੀ ਨਾਲ ਕਾਰਵਾਈ ਪਾਉਣ ਦਾ ਹੱਕ ਹੋਵੇਗਾ।

19. ਜੇ ਸ਼ੇਅਰਾਂ ਦੇ ਖਾਤੇ ਦੇ ਮਾਮਲੇ ਵਿੱਚ 3 ਮਹੀਨਿਆਂ ਦੇ ਵੱਧ ਦੇ ਸਮੇਂ ਤੱਕ ਅਦਾਇਗੀ ਨਹੀਂ ਹੁੰਦੀ ਤਾਂ ਮੈਨੇਜਿੰਗ ਕਮੇਟੀ ਅਜਿਹੇ ਸ਼ੇਅਰਾਂ ਅਤੇ ਉਨ੍ਹਾਂ ਦੇ ਸਬੰਧ ਵਿੱਚ ਕੀਤੀਆਂ ਗਈਆਂ ਸਾਰੀਆਂ ਅਦਾਇਗੀਆਂ ਨੂੰ ਜ਼ਬਤ ਕੀਤਾ ਐਲਾਨ ਸਕਦੀ ਹੈ ਅਤੇ ਉਨ੍ਹਾਂ ਸ਼ੇਅਰਾਂ ਨਾਲ ਸਬੰਧਤ ਮੈਂਬਰਸ਼ਿਪ ਖ਼ਤਮ ਕਰਨ ਦੇ ਵੀ ਉਸਨੂੰ ਅਧਿਕਾਰ ਹੋਣਗੇ। ਕਮੇਟੀ ਅਜਿਹੇ ਸ਼ੇਅਰਾਂ ਦੀ ਬਹਾਲੀ ਦੀ ਇਜਾਜ਼ਤ ਦੇ ਸਕਦੀ ਹੈ ਬਸ਼ਰਤੇ :-

(i) ਜੇ ਕਮੇਟੀ ਦੀ ਮੰਗ ਅਨੁਸਾਰ ਸਾਰੇ ਬਕਾਇਆਂ ਦੀ ਵਿਆਜ ਸਮੇਤ ਅਦਾਇਗੀ ਕਰ ਦਿੱਤੀ ਗਈ ਹੈ, ਅਤੇ

(ii) ਜੇ ਜ਼ਬਤ ਕੀਤੇ ਜਾਣ ਦੀ ਪ੍ਰਕਿਰਿਆ ਦੇ ਤਿੰਨ ਮਹੀਨਿਆਂ ਦੇ ਸਮੇਂ ਅੰਦਰ ਅਜਿਹੀਆਂ ਅਦਾਇਗੀਆਂ ਕਰ ਦਿੱਤੀਆਂ ਜਾਂਦੀਆਂ ਹਨ।

## ਵੱਧ ਤੋਂ ਵੱਧ ਰਿਣ ਸੀਮਾ

2●. ਸਭਾ ਦੀ ਵੱਧ ਤੋਂ ਵੱਧ ਰਿਣ ਸੀਮਾ, ਰਜਿਸਟਰਾਰ ਵੱਲੋਂ ਸਮੇਂ-ਸਮੇਂ ਸਿਰ ਦਿੱਤੇ ਜਾਣ ਵਾਲੇ ਨਿਰਦੇਸ਼ਾਂ ਅਨੁਸਾਰ ਜਨਰਲ ਬਾਡੀ ਵੱਲੋਂ ਤੈਅ ਕੀਤੀ ਜਾਵੇਗੀ। ਤੈਅ ਜਾਂ ਨਿਸ਼ਚਿਤ ਕੀਤੀ ਇਹ ਸੀਮਾ ਰਜਿਸਟਰਾਰ ਦੀ ਮਨਜ਼ੂਰੀ ਨਾਲ ਹੀ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਕਿਸੇ ਵੀ ਵੇਲੇ ਇਸ ਸੀਮਾ ਵਿੱਚ ਕਮੀ ਕੀਤੀ ਜਾ ਸਕਦੀ ਹੈ।

### ਜਨਰਲ ਬਾਡੀ

21. ਇੱਕ ਨਿਸ਼ਚਿਤ ਤਰੀਕ ਨੂੰ ਸਾਰੇ ਮੈਂਬਰ ਸਭਾ ਦੀ ਜਨਰਲ ਬਾਡੀ ਨੂੰ ਨਿਰੰਤਰ ਜਾਰੀ ਰੱਖਣਗੇ।

22. ਮੈਂਬਰਾਂ ਦੀ ਜਨਰਲ ਬਾਡੀ ਇੱਕ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਜ਼ਰੂਰ ਜੁੜੇਗੀ ਭਾਵ ਇੱਕ ਸਾਲ ਅੰਦਰ ਇੱਕ ਵਾਰ ਮੀਟਿੰਗ ਜ਼ਰੂਰ ਕਰੇਗੀ। ਕਮੇਟੀ ਦੀਆਂ ਹਦਾਇਤਾਂ ਅਧੀਨ ਸਹਿਕਾਰੀ ਸਭਾ ਦੇ ਇੱਕ ਅਧਿਕਾਰੀ ਦੁਆਰਾ ਜਾਂ ਕਮੇਟੀ।

ਜੇ ਕੁੱਲ ਮੈਂਬਰਾਂ ਵਿੱਚੋਂ 1/5 ਹਿੱਸਾ ਮੈਂਬਰ ਆਪਣੇ ਮੰਗ-ਪੱਤਰ ਰਾਹੀਂ ਅਜਿਹੀ ਮੀਟਿੰਗ ਦੀ ਮੰਗ ਰੱਖਣ ਤਾਂ ਕਮੇਟੀ ਵੱਲੋਂ ਇੱਕ ਸਹਿਕਾਰੀ ਸਭਾ ਦੀ ਇੱਕ ਜਨਰਲ ਮੀਟਿੰਗ ਸੱਦੀ ਜਾਵੇਗੀ।

ਜੇ ਅਜਿਹੇ ਮੰਗ-ਪੱਤਰ ਦੀ ਪ੍ਰਾਪਤੀ ਤੋਂ ਬਾਅਦ ਇੱਕ ਵਾਜਬ ਸਮੇਂ ਅੰਦਰ ਕਮੇਟੀ ਜਨਰਲ ਮੀਟਿੰਗ (ਆਮ ਇਜਲਾਸ) ਸੱਦਣ ਤੋਂ ਨਾਕਾਮ ਰਹਿੰਦੀ ਹੈ ਤਾਂ ਮੰਗ-ਪੱਤਰ ਉੱਤੇ ਹਸਤਾਖਰ ਕਰਨ ਵਾਲੇ ਮੈਂਬਰ ਇਹ ਮਾਮਲਾ ਰਜਿਸਟਰਾਰ ਕੋਲ ਲਿਜਾ ਸਕਦੇ ਹਨ, ਜੋ, ਜੇ ਉਹ ਠੀਕ ਸਮਝੇ, ਜਨਰਲ ਮੀਟਿੰਗ ਸੱਦ ਸਕਦਾ ਹੈ।

23. ਸਾਰੇ ਮੈਂਬਰਾਂ ਨੂੰ ਸੱਦਣ ਲਈ ਘੱਟੋ-ਘੱਟ ਪੰਦਰਾਂ ਦਿਨਾਂ ਦਾ ਨੋਟਿਸ ਦੇਣਾ ਹੋਵੇਗਾ, ਜਿਸ ਵਿੱਚ ਜਨਰਲ ਮੀਟਿੰਗ ਦੀ ਤਰੀਕ, ਸਥਾਨ, ਸਮਾਂ ਅਤੇ ਏਜੰਡਾ ਠੀਕ ਢੰਗ ਨਾਲ ਦਰਸਾਇਆ ਗਿਆ ਹੋਵੇ। ਜਨਰਲ ਮੀਟਿੰਗ ਦਾ ਨੋਟਿਸ (ਸੂਚਨਾ) ਇੱਕ ਜਾਂ ਵਧੇਰੇ ਕਾਰਜਵਿਧੀਆਂ ਰਾਹੀਂ ਦਿੱਤੀ ਜਾ ਸਕਦੀ ਹੈ :-

(i) ਨੋਟਿਸ ਦੀ ਕਾਪੀ ਨੂੰ ਸਭਾ ਦੇ ਦਫ਼ਤਰ ਵਿੱਚ ਜਾਂ ਸਭਾ ਦੀ ਕਾਰਵਾਈ/ਸਰਗਰਮੀ ਦੇ ਖੇਤਰ ਵਿੱਚ ਕਿਸੇ ਸਪੱਸ਼ਟ ਜਾਂ ਨੁਮਾਇਆਂ ਸਥਾਨ ਉੱਤੇ ਲਾਈ ਜਾਵੇ।

(ii) ਨੋਟਿਸ-ਬੁੱਕ (ਸੂਚਨਾ ਪੁਸਤਿਕਾ) ਦੀ ਸਰਕੂਲੇਸ਼ਨ ਰਾਹੀਂ ਅਤੇ ਇਸ ਉੱਤੇ ਮੈਂਬਰਾਂ ਦੇ ਦਸਤਖ਼ਤ ਕਰਵਾਕੇ।

(iii) ਡਾਕ ਦੁਆਰਾ।

ਜਨਰਲ ਮੀਟਿੰਗ ਲਈ ਕੋਰਮ ; ਮੈਂਬਰਾਂ ਦੀ ਕੁੱਲ ਗਿਣਤੀ ਦਾ ਇੱਕ-ਚੌਥਾਈ ਹਿੱਸਾ ਜਾਂ 5●●, ਜੋ ਵੀ ਘੱਟ ਹੋਵੇ, ਹੋਵੇਗਾ। ਜੇ ਜਨਰਲ ਮੀਟਿੰਗ ਲਈ ਨਿਸ਼ਚਿਤ ਸਮੇਂ ਉੱਤੇ ਕੋਰਮ ਪੂਰਾ ਨਹੀਂ ਹੁੰਦਾ, ਅਤੇ ਜੇ ਇਹ ਮੀਟਿੰਗ ਮੈਂਬਰਾਂ ਦੇ ਮੰਗ-ਪੱਤਰ ਉੱਤੇ ਸੱਦੀ ਗਈ ਹੈ, ਤਾਂ ਮੀਟਿੰਗ ਦਾ ਚੇਅਰਮੈਨ (ਪ੍ਰਧਾਨ) ਇਸ ਮੀਟਿੰਗ ਨੂੰ ਮੁਲਤਵੀ ਕਰ ਦੇਵੇਗਾ ਅਤੇ ਮੰਗ-ਪੱਤਰ ਦੇ ਆਧਾਰ ਉੱਤੇ ਹੋਰ ਕੋਈ ਜਨਰਲ ਮੀਟਿੰਗ ਨਹੀਂ ਸੱਦੀ ਜਾਵੇਗੀ। ਜੇ ਜਨਰਲ ਮੀਟਿੰਗ ਕਿਸੇ ਹੋਰ ਢੰਗ ਨਾਲ ਸੱਦੀ ਗਈ ਹੈ ਤਾਂ ਚੇਅਰਮੈਨ ਦੀ ਮੰਗ ਉੱਤੇ ਮੀਟਿੰਗ ਕਿਸੇ ਅਗਲੀ ਤਰੀਕ ਤੱਕ ਮੁਲਤਵੀ ਕਰ ਦਿੱਤੀ ਜਾਵੇਗੀ। ਅਗਲੀ ਜਨਰਲ ਮੀਟਿੰਗ ਦਾ ਤਾਜ਼ਾ ਨੋਟਿਸ ਸਾਰੇ

ਮੈਂਬਰਾਂ ਨੂੰ ਦਿੱਤਾ ਜਾਵੇਗਾ। ਅਗਲੀ ਜਨਰਲ ਮੀਟਿੰਗ ਵਿੱਚ ਸਮੁੱਚਾ ਕਾਰ-ਵਿਹਾਰ ਉੱਥੇ ਮੌਜੂਦ/ਹਾਜ਼ਰ ਮੈਂਬਰਾਂ ਦੀ ਗਿਣਤੀ ਨਾਲ ਹੀ ਨਿਬੇੜਿਆ ਜਾਵੇਗਾ।

24. ਪ੍ਰਧਾਨ ਜਾਂ, ਉਸ ਦੀ ਗ਼ੈਰ-ਮੌਜੂਦਗੀ ਵਿੱਚ ਮੀਤ ਪ੍ਰਧਾਨ ਜਨਰਲ ਬਾਡੀ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰੇਗਾ; ਜਦੋਂ ਇਹ ਦੋਵੇਂ ਗ਼ੈਰਹਾਜ਼ਰ ਹੋਣ ਤਾਂ ਹਾਜ਼ਰ ਮੈਂਬਰ ਉਸ ਮੀਟਿੰਗ ਲਈ ਇੱਕ ਚੇਅਰਮੈਨ ਚੁਣ ਲੈਣਗੇ।

25. ਜਨਰਲ ਬਾਡੀ ਦੇ ਹਰੇਕ ਮੈਂਬਰ ਦੀ ਇੱਕ ਵੋਟ ਹੋਵੇਗੀ। ਜਨਰਲ ਬਾਡੀ ਵੱਲੋਂ ਮੁਖ਼ਤਾਰੀ ਵੋਟ (ਪ੍ਰਾੱਕਸੀ) ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਾਰੇ ਸੁਆਲਾਂ ਦਾ ਨਿਰਣਾ/ਫ਼ੈਸਲਾ ਹਾਜ਼ਰ ਮੈਂਬਰਾਂ ਦੀਆਂ ਵੋਟਾਂ ਦੀ ਬਹੁ-ਗਿਣਤੀ ਰਾਹੀਂ ਕੀਤਾ ਜਾਵੇਗਾ। ਜਦੋਂ ਵੋਟਾਂ ਬਰਾਬਰ ਹੋਣ ਤਾਂ ਜਨਰਲ ਬਾਡੀ ਦਾ ਚੇਅਰਮੈਨ ਵੋਟ ਪਾਵੇਗਾ।

26. ਜਦੋਂ ਤੱਕ ਇਨ੍ਹਾਂ ਉਪ-ਨਿਯਮਾਂ ਵਿੱਚ ਅਜਿਹੀ ਕੋਈ ਵਿਵਸਥਾ ਨਾ ਹੋਵੇ, ਉਦੋਂ ਤੱਕ ਸਭਾ ਦੇ ਪ੍ਰਸ਼ਾਸਨ ਨਾਲ ਸਬੰਧਤ ਸਾਰੇ ਮਾਮਲੇ ਜਨਰਲ ਬਾਡੀ ਵੱਲੋਂ ਹੀ ਨਿਪਟਾਏ ਜਾਣਗੇ।

27. ਉਪ-ਨਿਯਮਾਂ ਦੀਆਂ ਸਾਧਾਰਣ ਵਿਵਸਥਾਵਾਂ ਅਨੁਸਾਰ ਜਨਰਲ ਬਾੱਡੀ ਨੂੰ ਨਿਮਨਲਿਖਤ ਸ਼ਕਤੀਆਂ ਅਤੇ ਉਸਦੇ ਹੇਠਾਂ ਲਿਖੇ ਫ਼ਰਜ਼ ਹੋਣਗੇ :-

(i) ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੀ ਚੋਣ, ਉਨ੍ਹਾਂ ਦੀ ਮੁਅੱਤਲੀ ਅਤੇ ਚੁਣੇ ਮੈਂਬਰਾਂ ਦੀ ਬਰਖ਼ਾਸਤਗੀ ;

(ii) ਸਭਾ ਦੀ ਸਾਲਾਨਾ ਰਿਪੋਰਟ ਉੱਤੇ ਵਿਚਾਰ ਵਟਾਂਦਰਾ। ਇਸ ਪੜਤਾਲ-ਸ਼ੁਦਾ ਬੈਲੈਂਸ ਸ਼ੀਟ ਅਤੇ ਲਾਭ ਤੇ ਹਾਨੀ ਦਾ ਹਿਸਾਬ ਕਿਤਾਬ ਅਤੇ ਨਿਰੀਖਣ ਨੋਟਸ।

(iii) ਲਾਭ ਦਾ ਨਿਪਟਾਰਾ ;

(iv) ਇਨ੍ਹਾਂ ਉੱਪ-ਨਿਯਮਾਂ ਅਨੁਸਾਰ ਅਤੇ ਰਜਿਸਟਰਾਰ ਦੀ ਮਨਜ਼ੂਰੀ ਨਾਲ ਸਭਾ ਦੀ ਵੱਧ ਤੋਂ ਵੱਧ ਰਿਣ ਸੀਮਾ ਤੈਅ ਕਰਨੀ ;

(v) ਉੱਪ-ਨਿਯਮਾਂ ਦੀ ਸੋਧ ;

(vi) ਰਜਿਸਟਰਾਰ ਦੀ ਮਨਜ਼ੂਰੀ ਨਾਲ ਉੱਪ-ਨਿਯਮਾਂ ਵਿੱਚ ਸੋਧ ;

(vii) ਸਭਾ ਦੇ ਨਿਸ਼ਚਿਤ ਉਦੇਸ਼ਾਂ ਦੇ ਘੇਰੇ ਅੰਦਰ ਰਹਿੰਦੇ ਹੋਏ ਸਭਾ ਦੀਆਂ ਗਤੀਵਿਧੀਆਂ ਦੇ ਅਹਿਮ ਵਿਸਥਾਰ ਜਾਂ ਸੁਧਾਰ ਬਾਰੇ ਵਿਚਾਰ ਵਟਾਂਦਰਾ ;

(viii) ਆਉਣ ਵਾਲੇ ਸਾਲ ਦੌਰਾਨ ਨਵੇਂ ਵਾਹਨਾਂ ਜਾਂ ਉਪਕਰਣਾਂ ਜਾਂ ਇਮਾਰਤਾਂ ਦੇ ਨਿਰਮਾਣ ਉੱਤੇ ਖ਼ਰਚੀ ਜਾਣ ਵਾਲੀ ਰਕਮ ਦੀ ਸੀਮਾ ਤੈਅ ਕਰਨੀ ;

(ix) ਕੋਈ ਵੀ ਹੋਰ ਕਾਰ-ਵਿਹਾਰ, ਜੋ ਪ੍ਰਬੰਧਕੀ ਕਮੇਟੀ ਕਰਨ ਲਈ ਅਧਿਕਾਰਤ ਨਹੀਂ ਜਾਂ ਅਜਿਹਾ ਕਾਰਜ ਕਰਨ ਦੇ ਅਯੋਗ ਹੈ ;

(x) ਰੁਪਏ ................ ਤੱਕ ਦੇ ਠੇਕੇ ਮਨਜ਼ੂਰ ਕਰਨੇ ;

(xi) ਰਜਿਸਟਰਾਰ ਦੀ ਮਨਜ਼ੂਰੀ ਨਾਲ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੂੰ ਅਦਾ ਕੀਤੇ ਜਾਣ ਵਾਲੇ ਸੇਵਾ ਫਲ ਜਾਂ ਮਿਹਨਤਾਨੇ ਉੱਤੇ ਕੰਟਰੋਲ (ਨਿਯੰਤ੍ਰਣ) ਰੱਖਣਾ ਜਾਂ ਉਸ ਵਿੱਚ ਕੋਈ ਸੋਧ ਕਰਨੀ ;

(xii) ਉਪਯੋਗਤਾ ਅਨੁਸਾਰ ਲਾਭ, ਬੇਰੁਜ਼ਗਾਰੀ, ਦੁਰਘਟਨਾ ਅਤੇ ਪੈਨਸ਼ਨ ਫੰਡ ਕਾਇਮ ਕਰਨ ਲਈ ਨਿਯਮ ਘੜਨੇ ;

(xiii) ਮੁਲਾਜ਼ਮਾਂ ਲਈ ਬੋਨਸ ਦੀਆਂ ਦਰਾਂ ਨਿਸ਼ਚਿਤ ਕਰਨੀਆਂ ;

(28) ਜਨਰਲ ਬਾਡੀ ਵਿੱਚ ਹਾਜ਼ਰ ਹਰੇਕ ਮੈਂਬਰ ਨੂੰ ਕੇਵਲ ਇੱਕ ਵੋਟ ਪਾਉਣ ਦਾ ਅਧਿਕਾਰ ਹੋਵੇਗਾ। ਪ੍ਰਧਾਨ ਕੋਲ ਵੀ ਪਾਉਣ ਯੋਗ ਵੋਟ ਹੋਵੇਗੀ। ਅਜਿਹਾ ਕੋਈ ਵੀ ਮੈਂਬਰ ਜੋ ਆਪਣੇ ਸ਼ੇਅਰ ਦੀਆਂ ਕਿਸ਼ਤਾਂ ਦੀ ਅਦਾਇਗੀ ਕਰ ਰਿਹਾ ਹੈ, ਉਸ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।

29. ਜਨਰਲ ਮੀਟਿੰਗ ਵਿੱਚ ਵਿਚਾਰੇ ਗਏ ਸਾਰੇ ਕਾਰ-ਵਿਹਾਰਾਂ ਜਾਂ ਲਏ ਫ਼ੈਸਲਿਆਂ ਦਾ ਰਿਕਾਰਡ ਇੱਕ ਕਾਰਵਾਈ ਪੁਸਤਿਕਾ ਵਿੱਚ ਰੱਖਿਆ ਜਾਵੇਗਾ ਅਤੇ ਜਿਸ ਉੱਤੇ ਮੀਟਿੰਗ ਦੇ ਚੇਅਰਮੈਨ ਦੇ ਹਸਤਾਖਰ ਹੋਣਗੇ।

## ਪ੍ਰਬੰਧਕੀ ਕਮੇਟੀ

3●. ਪ੍ਰਬੰਧਕੀ ਕਮੇਟੀ ਵਿੱਚ ਇੱਕ ਪ੍ਰਧਾਨ ਅਤੇ ਇੱਕ ਜਾਂ ਵਧੇਰੇ ਮੀਤ ਪ੍ਰਧਾਨਾਂ ਸਣੇ ਘੱਟੋ-ਘੱਟ 7 ਚੁਣੇ ਹੋਏ ਮੈਂਬਰ ਸ਼ਾਮਲ ਹੋਣਗੇ।

31. ਕੋਈ ਵੀ ਵਿਅਕਤੀ ਸਭਾ ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਚੁਣੇ ਜਾਣ ਦੇ ਯੋਗ ਨਹੀਂ ਹੋਵੇਗਾ ਜੇ :-

(ਏ) ਉਸਦੀ ਉਮਰ 21 ਸਾਲਾਂ ਤੋਂ ਘੱਟ ਹੈ ; ਜਾਂ

(ਬੀ) ਉਹ ਬੇਈਮਾਨੀ ਜਾਂ ਨੈਤਿਕ ਨੀਚਤਾ ਵਾਲੇ ਕਿਸੇ ਜੁਰਮ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਹੈ ; ਜਾਂ

(ਸੀ) ਉਸ ਨੇ ਦਿਵਾਲੀਆਪਣ ਲਈ ਬਿਨੈ-ਪੱਤਰ ਦਾਖ਼ਲ ਕੀਤਾ ਹੈ ; ਜਾਂ ਉਸ ਨੂੰ ਦਿਵਾਲੀਆ ਐਲਾਨਿਆ ਗਿਆ ਹੈ ; ਜਾਂ

(ਡੀ) ਜੇ ਉਹ ਮਾਨਸਿਕ ਤੌਰ ’ਤੇ ਅਵਿਕਸਿਤ ਹੈ ; ਜਾਂ

(ਈ) ਜੇ ਉਹ ਕਰਜ਼ਿਆਂ ਦੀ ਅਦਾਇਗੀ ਵਿੱਚ ਬਾਕੀਦਾਰ (ਡਿਫਾਲਟ) ਹੈ ਜਾਂ ਜੇ ਉਸਨੇ ਸਭਾ ਵੱਲ ਰਹਿੰਦੇ ਬਕਾਏ ਦੀ ਤਰੀਕ ਤੋਂ 6 ਮਹੀਨਿਆਂ ਦੇ ਸਮੇਂ ਤੱਕ ਦੇ ਸਮੇਂ ਲਈ ਕਿਸੇ ਸ਼ੇਅਰ ਦੀ ਕਿਸ਼ਤ ਦੀ ਅਦਾਇਗੀ ਨਹੀਂ ਕੀਤੀ ਹੈ ; ਜਾਂ

(ਐਫ) ਜੇ ਉਹ ਸਭਾ ਨਾਲ ਮੁਕਾਬਲੇ ਵਿੱਚ ਨਿਰਮਾਣ, ਮੁਰੰਮਤ ਜਾਂ ਰੀਮਾੱਡਲਿੰਗ ਜਾਂ ਕੋਈ ਹੋਰ ਕੰਮ ਕਰ ਰਿਹਾ ਹੈ।

32. ਪ੍ਰਬੰਧਕੀ ਕਮੇਟੀ ਦੀ ਚੋਣ ਐਕਟ ਅਤੇ ਨਿਯਮਾਂ ਵਿੱਚ ਦੱਸੀ ਕਾਰਜਵਿਧੀ ਅਤੇ ਰਜਿਸਟਰਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ। ਚੁਣੀ ਗਈ ਪ੍ਰਬੰਧਕੀ ਕਮੇਟੀ ਦਾ ਦਫ਼ਤਰੀ ਕਾਰਜਕਾਲ ਉਸਦੀ ਚੋਣ ਦੀ ਤਰੀਕ ਤੋਂ 5 ਸਾਲਾਂ ਦੇ ਸਮੇਂ ਲਈ ਹੋਵੇਗਾ। ਚੁਣੇ ਗਏ ਅਹੁਦੇਦਾਰਾਂ ਦਾ ਕਾਰਜਕਾਲ ਪ੍ਰਬੰਧਕੀ ਕਮੇਟੀ ਦੇ ਕਾਰਜਕਾਲ ਨਾਲ ਸਾਂਝਾ/ਸਮਵਿਸਤਾਰੀ ਹੋਵੇਗਾ ਬਸ਼ਰਤੇ ਕਿ ਚੁਣੇ ਗਏ ਅਹੁਦੇਦਾਰਾਂ ਨੂੰ ਕਮੇਟੀ ਦੇ ਕੁੱਲ ਚੁਣੇ ਗਏ ਮੈਂਬਰਾਂ ਦੇ ਦੋ-ਤਿਹਾਈ ਬਹੁਮੱਤ ਨਾਲ ਪਾਸ ਕੀਤੇ ਮਤੇ ਰਾਹੀਂ ਬੇਵਿਸਾਹੀ/ ਬੇਭਰੋਸਗੀ ਦੇ ਵੋਟ ਦੁਆਰਾ ਹਟਾਇਆ ਜਾ ਸਕਦਾ ਹੈ। ਨਵੇਂ ਅਹੁਦੇਦਾਰ ਪ੍ਰਬੰਧਕੀ ਕਮੇਟੀ ਦੇ ਬਾਕੀ ਰਹਿੰਦੇ ਕਾਰਜਕਾਲ ਲਈ ਚੁਣੇ ਜਾਣਗੇ।

33. ਨਾਮਜ਼ਦ ਮੈਂਬਰ ਅਹੁਦੇਦਾਰਾਂ ਦੀ ਚੋਣ ਜਾਂ ਉਨ੍ਹਾਂ ਨੂੰ ਹਟਾਉਣ ਲਈ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ। ਕੋਈ ਵੀ ਵਿਅਕਤੀ ਉਦੋਂ ਤੱਕ ਸਭਾ ਦੀ ਕਮੇਟੀ ਦੀ ਦੋ ਨਿਰੰਤਰ ਕਾਰਜਕਾਲਾਂ ਲਈ ਸੇਵਾ ਕਰਨ ਮਗਰੋਂ ਚੁਣੇ ਜਾਣ ਦੇ ਯੋਗ ਨਹੀਂ ਹੋਵੇਗਾ ਜਦੋਂ ਤੱਕ ਇੱਕ ਕਾਰਜਕਾਲ ਸਮਾਪਤ ਨਾ ਹੋਇਆ ਹੋਵੇ ਜਦੋਂ ਤੋਂ ਉਸਨੇ ਪਿਛਲੀ ਵਾਰ ਸੇਵਾ ਕੀਤੀ। ਪ੍ਰਬੰਧਕੀ ਕਮੇਟੀ ਵਿੱਚ ਇੱਕ ਅੰਤ੍ਰਿਮ ਖਾਲੀ ਸਥਾਨ ; ਪ੍ਰਬੰਧਕੀ ਕਮੇਟੀ ਦੇ ਬਾਕੀ ਰਹਿੰਦੇ ਕਾਰਜਕਾਲ ਲਈ ਸਬੰਧਤ ਖੇਤਰ (ਜ਼ੋਨ) ਵਿੱਚ ਚੋਣ ਰਾਹੀਂ ਭਰਿਆ ਜਾਵੇਗਾ।

34. ਪ੍ਰਬੰਧਕੀ ਕਮੇਟੀ ਦੇ ਚੁਣੇ ਹੋਏ ਮੈਂਬਰ ਆਪਣੇ ਵਿੱਚੋਂ ਹੀ ਪ੍ਰਧਾਨ ਅਤੇ ਮੀਤ ਪ੍ਰਧਾਨ ਚੁਣਨਗੇ।

35. ਲੋੜ ਪੈਣ ’ਤੇ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਕੀਤੀ ਜਾਵੇਗੀ। ਤਿੰਨ ਮੈਂਬਰਾਂ ਨਾਲ ਕੋਰਮ ਪੂਰਾ ਹੋਵੇਗਾ। ਪ੍ਰਧਾਨ ਜਾਂ ਮੀਤ-ਪ੍ਰਧਾਨ ਦੀ ਗ਼ੈਰ-ਹਾਜ਼ਰੀ ਵਿੱਚ ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਵੱਲੋਂ ਚੁਣਿਆ ਗਿਆ ਇੱਕ ਮੈਂਬਰ ਹੀ ਉਸ ਮੀਟਿੰਗ ਦੀ ਪ੍ਰਧਾਨਗੀ ਕਰੇਗਾ। ਜਦੋਂ ਤੱਕ ਇਨ੍ਹਾਂ ਉਪ-ਨਿਯਮਾਂ ਵਿੱਚ ਕੋਈ ਹੋਰ

ਵਿਵਸਥਾ ਨਾ ਹੋਵੇ, ਸਾਰੇ ਸੁਆਲਾਂ ਬਾਰੇ ਫ਼ੈਸਲਾ ਬਹੁ-ਗਿਣਤੀ ਵੋਟਾਂ ਰਾਹੀਂ ਕੀਤਾ ਜਾਵੇਗਾ। ਹਰੇਕ ਮੈਂਬਰ ਦੀ ਇੱਕ ਵੋਟ ਹੋਵੇਗੀ। ਵੋਟਾਂ ਪਾਏ ਜਾਣ ਦੀ ਸਥਿਤੀ ਵਿੱਚ ਚੇਅਰਮੈਨ ਵੋਟ ਪਾ ਸਕੇਗਾ।

36. ਜਨਰਲ ਬਾਡੀ ਲਈ ਰਾਖਵੇਂ ਮਾਮਲਿਆਂ ਨੂੰ ਛੱਡ ਕੇ ਜਿੱਥੇ ਸਭਾ ਵੱਲੋਂ ਜਨਰਲ ਮੀਟਿੰਗ ਦੌਰਾਨ ਬਣਾਏ ਗਏ ਵਿਨਿਯਮਾਂ ਜਾਂ ਪਾਬੰਦੀਆਂ ਜਾਂ ਉਪ-ਨਿਯਮਾਂ ਅਨੁਸਾਰ ਵਿਵਸਥਾ ਰੱਖੀ ਗਈ ਹੋਵੇ ; ਪ੍ਰਬੰਧਕੀ ਕਮੇਟੀ ਕੋਲ ਸਾਰੀਆਂ ਸ਼ਕਤੀਆਂ ਵਰਤਣ ਅਤੇ ਸਭਾ ਦੇ ਫ਼ਰਜ਼ ਨਿਭਾਉਣ ਦੇ ਅਧਿਕਾਰ ਹੋਣਗੇ :-

(i) ਸਾਰੇ ਲੈਣ-ਦੇਣ ਜਾਂ ਕਾਰ-ਵਿਹਾਰਾਂ, ਐਕਟ, ਅਧਿਸੂਚਿਤ ਨਿਯਮਾਂ ਅਤੇ ਉਪ-ਨਿਯਮਾਂ ਦੀ ਨਿਗਰਾਨੀ ਰੱਖਣਾ ;

(ii) ਪ੍ਰਾਪਤ ਅਤੇ ਵਿਸਥਾਰਿਤ ਕੀਤੀ ਗਈ ਸਾਰੀ ਰਾਸ਼ੀ ਤੋਂ ਇਲਾਵਾ ਲਿਆਂਦੇ ਤੇ ਵੇਚੇ ਗਏ ਸਟਾਕ ਦਾ ਸੱਚਾ ਅਤੇ ਦਰੁੱਸਤ ਹਿਸਾਬ-ਕਿਤਾਬ ਰੱਖਣਾ ;

(iii) ਸਭਾ ਦੇ ਅਸਾਸਿਆਂ ਅਤੇ ਦੇਣਦਾਰੀਆਂ ਦਾ ਸੱਚਾ ਹਿਸਾਬ-ਕਿਤਾਬ ਰੱਖਣਾ ;

(iv) ਮੈਂਬਰਾਂ ਦਾ ਬਿਲਕੁਲ ਸਹੀ ਅਤੇ ਅਪ-ਟੂ-ਡੇਟ ਰਜਿਸਟਰ ਰੱਖਣਾ ;

(v) ਲਾਭ ਅਤੇ ਹਾਨੀ ਦਾ ਹਿਸਾਬ-ਕਿਤਾਬ ਅਤੇ ਪੜਤਾਲਸ਼ੁਦਾ ਬੈਲੈਂਸ ਸ਼ੀਟ ਤਿਆਰ ਕਰਨਾ ਅਤੇ ਉਨ੍ਹਾਂ ਨੂੰ ਜਨਰਲ ਬਾਡੀ ਦੀ ਸਾਲਾਨਾ ਮੀਟਿੰਗ ਵਿੱਚ ਰੱਖਣਾ ;

(vi) ਹਿਸਾਬ-ਕਿਤਾਬ (ਅਕਾਊਂਟ) ਦਾ ਨਿਰੀਖਣ ਕਰਨਾ, ਹੰਗਾਮੀ ਖ਼ਰਚ ਨੂੰ ਮਨਜ਼ੂਰ ਕਰਨਾ ਅਤੇ ਨਿਰਧਾਰਤ ਰਜਿਸਟਰ ਦੇ ਰੱਖ-ਰਖਾਅ ਦੀ ਨਿਗਰਾਨੀ ਰੱਖਣੀ ;

(vii) ਰਜਿਸਟਰਾਰ ਅਤੇ ਇੰਸਪੈਕਟਰ ਲੋਕ ਨਿਰਮਾਣ ਵਿਭਾਗ ਦੇ ਦਫ਼ਤਰ ਦੀਆਂ ਨਿਰੀਖਣ ਟਿੱਪਣੀਆਂ ਅਤੇ ਆਡਿਟ ਰਿਪੋਰਟ ਉੱਤੇ ਵਿਚਾਰ ਵਟਾਂਦਰਾ ਕਰਨਾ ਅਤੇ ਲੋੜੀਂਦੀ ਕਾਰਵਾਈ ਕਰਨੀ ;

(viii) ਨਵੇਂ ਮੈਂਬਰ ਚੁਣਨਾ, ਨਵੇਂ ਸ਼ੇਅਰ ਜਾਰੀ ਕਰਨੇ ਅਤੇ ਪੁਰਾਣੇ ਸ਼ੇਅਰਾਂ ਦਾ ਤਬਾਦਲਾ ਕਰਨਾ ;

(ix) ਸ਼ੇਅਰ-ਕਿਸ਼ਤਾਂ ਦੀ ਉਗਰਾਹੀ ਅਤੇ ਬਕਾਇਆ ਕਿਸ਼ਤਾਂ ਉੱਤੇ ਵਿਆਜ ਦੀ ਵਿਵਸਥਾ ਕਰਨੀ ;

(x) ਇਨ੍ਹਾਂ ਉੱਪ-ਨਿਯਮਾਂ ਅਨੁਸਾਰ ਜਨਰਲ ਮੀਟਿੰਗ ਸੱਦਣ ਲਈ ਸਕੱਤਰ ਨੂੰ ਹਦਾਇਤਾਂ ਜਾਰੀ ਕਰਨਾ ;

(xi) ਜਨਰਲ ਬਾਡੀ ਜਾਂ ਰਜਿਸਟਰਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਅਨੁਸਾਰ ਠੇਕਾ ਕਰਜ਼ੇ ਲੈਣੇ ;

(xii) ਸਰਕਾਰੀ ਸਥਾਨਕ ਇਕਾਈਆਂ ਜਾਂ ਕਿਸੇ ਹੋਰ ਵਿਅਕਤੀ ਨਾਲ ਸਮਝੌਤਾ ਕਰਨਾ ;

(xiii) ਪ੍ਰਾਪਤ ਕੀਤੇ ਜਾਣ ਵਾਲੇ ਡਿਪਾਜ਼ਿਟਾਂ (ਜਮ੍ਹਾਂ ਖਾਤਿਆਂ) ਦੀਆਂ ਸ਼ਰਤਾਂ, ਮਿਆਦ ਅਤੇ ਵਿਆਜ ਦੀ ਦਰ ; ਡਿਪਾਜ਼ਿਟਾਂ ਦੀ ਅਦਾਇਗੀ ਜਾਂ ਵਾਪਸੀ ਬਾਰੇ ਫ਼ੈਸਲਾ ਕਰਨਾ ;

(xiv) ਸਭਾ ਦੇ ਕਾਰ-ਵਿਹਾਰ ਨਾਲ ਸਬੰਧਤ ਸਭਾ ਵੱਲੋਂ ਔਜ਼ਾਰਾਂ, ਮਸ਼ੀਨਾਂ, ਪੁਰਜ਼ਿਆਂ, ਸਹਾਇਕ ਉਪਕਰਣਾਂ, ਜਾਂ ਚੱਲ ਜਾਇਦਾਦ ਦੀ ਖ਼ਰੀਦ ਕਰਨੀ, ਵੇਚਣਾ, ਕਿਰਾਏ 'ਤੇ ਲੈਣਾ ਜਾਂ ਕੁੱਝ ਹੋਰ ਕਰਨਾ, ਪ੍ਰਾਪਤ ਕਰਨਾ ਜਾਂ ਉਨ੍ਹਾਂ ਦਾ ਨਿਪਟਾਰਾ ਕਰਨਾ ;

(xv) ਜਨਰਲ ਮੀਟਿੰਗ ਵਿੱਚ ਉਲੀਕੀ ਗਈ ਕਿਸੇ ਨੀਤੀ ਅਨੁਸਾਰ ਸਭਾ ਦੀ ਮਸ਼ੀਨਰੀ ਅਤੇ ਹੋਰ ਜਾਇਦਾਦ ਦੇ ਬੀਮੇ ਦੀ ਵਿਵਸਥਾ ਕਰਨੀ ;

(xvi) ਕਿਤਾਬਾਂ ਦੇ ਨਿਰੀਖਣ ਲਈ ਅਧਿਕਾਰਤ ਵਿਅਕਤੀ ਦੀ ਸਹਾਇਤਾ ਕਰਨੀ

(xvii) ਰਜਿਸਟਰਾਰ ਵੱਲੋਂ ਸਮੇਂ-ਸਮੇਂ ਸਿਰ ਰੱਖੀਆਂ ਗਈਆਂ ਸ਼ਰਤਾਂ ਅਨੁਸਾਰ ਮੁਲਾਜ਼ਮਾਂ ਨੂੰ ਨਿਯੁਕਤ ਕਰਨਾ, ਮੁਅੱਤਲ ਕਰਨਾ, ਬਰਖ਼ਾਸਤ/ਬਰਤਰਫ਼ ਕਰਨਾ ਜਾਂ ਉਨ੍ਹਾਂ ਨੂੰ ਸਜ਼ਾ ਦੇਣੀ ਅਤੇ ਉਨ੍ਹਾਂ ਤੋਂ ਰਜਿਸਟਰਾਰ ਵੱਲੋਂ ਨਿਸ਼ਚਿਤ ਵਾਜਬ ਜ਼ਮਾਨਤਾਂ ਲੈਣੀਆਂ ;

(xviii) ਸਭਾ ਦੇ ਮਾਮਲਿਆਂ ਨਾਲ ਸਬੰਧਤ ਮਾਮਲਿਆਂ ਬਾਰੇ ਸਭਾ ਵੱਲੋਂ ਜਾਂ ਸਭਾ ਜਾਂ ਕਮੇਟੀ ਜਾਂ ਅਧਿਕਾਰੀਆਂ ਜਾਂ ਮੁਲਾਜ਼ਮਾਂ ਦੇ ਖ਼ਿਲਾਫ਼ ਕਿਸੇ ਮੈਂਬਰ, ਜਾਂ ਅਧਿਕਾਰੀ, ਜਾਂ ਸਭਾ ਦੇ ਮੁਲਾਜ਼ਮ ਜਾਂ ਕਿਸੇ ਹੋਰ ਵਿਅਕਤੀ ਨੂੰ ਵਿਸ਼ੇਸ਼ ਤੌਰ ਉੱਤੇ ਅਧਿਕਾਰਤ ਕਰਕੇ ਬਚਾਅ-ਸਮਝੌਤਾ ਕਰਨਾ, ਮਾਮਲੇ ਨੂੰ ਸਾਲਸੀ ਲਈ ਰੈਫ਼ਰ ਕਰਨਾ ਜਾਂ ਕਾਨੂੰਨੀ ਕਾਰਵਾਈ ਵਾਪਸ ਲੈਣੀ ;

(xix) ਸਭਾ ਵੱਲੋਂ ਹੋਰ ਰਜਿਸਟਰਡ ਸਹਿਕਾਰੀ ਸਭਾਵਾਂ ਵਿੱਚ ਸ਼ੇਅਰ ਹਾਸਲ ਕਰਨੇ ;

(xx) ਇਨ੍ਹਾਂ ਉੱਪ-ਨਿਯਮਾਂ ਵਿੱਚ ਨਿਰਧਾਰਤ ਰਜਿਸਟਰਾਂ ਅਤੇ ਦਸਤਾਵੇਜ਼ਾਂ/ਪੁਸਤਕਾਂ ਲਈ ਸੁਰੱਖਿਅਤ ਹਿਫ਼ਾਜ਼ਤ ਦਾ ਇੰਤਜ਼ਾਮ ਕਰਨਾ ਅਤੇ ਇਨ੍ਹਾਂ ਪੁਸਤਕਾਂ ਦਾ ਚਾਰਜ ਸੰਭਾਲਣ ਲਈ ਆਪਣੇ ਕਿਸੇ ਮੈਂਬਰ ਜਾਂ ਪਿੰਡ ਦੇ ਨਿਵਾਸੀ ਅਤੇ ਸਭਾ ਦੇ ਹੀ ਕਿਸੇ ਅਧਿਕਾਰੀ ਨੂੰ ਨਿਯੁਕਤ ਕਰਨਾ ;

(xxi) ਪ੍ਰਾਪਤ ਕੀਤੇ ਸਾਰੇ ਧਨ ਦਾ ਚਾਰਜ ਸੰਭਾਲਣ ਲਈ ਕਮੇਟੀ ਦੇ ਮੈਂਬਰਾਂ ਵਿੱਚੋਂ ਕਿਸੇ ਨੂੰ ਨਿਯੁਕਤ ਕਰਨਾ ਅਤੇ ਇਸ ਨਿਯੁਕਤ ਵਿਅਕਤੀ ਨੂੰ ਪ੍ਰਾਪਤ ਧਨ ਆਪਣੀ ਵਾਪਸੀ ਦੇ ਤੁਰੰਤ ਮਗਰੋਂ ਖ਼ਜ਼ਾਨਚੀ ਨੂੰ ਸੌਂਪ ਦੇਣਾ ਹੋਵੇਗਾ।

(xxii) ਕਮੇਟੀ ਮੈਂਬਰਾਂ ਦਾ ਅਸਤੀਫ਼ਾ ਪ੍ਰਵਾਨ ਜਾਂ ਰੱਦ ਕਰਨਾ ਅਤੇ ਅਸਤੀਫ਼ਾ ਪ੍ਰਵਾਨ ਹੋਣ ਦੀ ਸਥਿਤੀ ਵਿੱਚ ਉਸ ਦੀ ਥਾਂ ਉੱਤੇ ਉਦੋਂ ਤੱਕ ਕਿਸੇ ਹੋਰ ਮੈਂਬਰ ਨੂੰ ਕੋਆਪ੍ਰੇਟ ਕਰਨਾ, ਜਦੋਂ ਤੱਕ ਕਮੇਟੀ ਮੈਂਬਰ ਵੱਲੋਂ ਉਸ ਦੀ ਥਾਂ ਕਮੇਟੀ ਦੇ ਕਿਸੇ ਹੋਰ ਮੈਂਬਰ ਦੀ ਚੋਣ ਨਹੀਂ ਕਰ ਲਈ ਜਾਂਦੀ ;

(xxiii) ਸਹਿਕਾਰੀ ਸਭਾ ਕਾਨੂੰਨ ਅਤੇ ਉਸ ਤਹਿਤ ਬਣਾਏ ਨਿਯਮਾਂ ਅਨੁਸਾਰ ਸਭਾ ਦੇ ਵਾਧੂ ਫੰਡਾਂ ਦਾ ਨਿਵੇਸ਼ ਕਰਨਾ ;

(xxiv) ਸਭਾ ਵੱਲੋਂ ਜਾਇਦਾਦ ਖਰੀਦਣੀ, ਵੇਚਣੀ, ਕਿਰਾਏ 'ਤੇ ਲੈਣੀ ਜਾਂ ਕਿਸੇ ਹੋਰ ਢੰਗ ਨਾਲ ਪ੍ਰਾਪਤ ਕਰਨੀ ਜਾਂ ਜਾਇਦਾਦ ਦਾ ਨਿਪਟਾਰਾ ਕਰਨਾ ;

(xxv) ਆਮ ਤੌਰ ਉੱਤੇ ਸਭਾ ਦਾ ਕਾਰ-ਵਿਹਾਰ ਚਲਾਉਣਾ ;

(xxvi) ਸਮੇਂ-ਸਮੇਂ ਸਿਰ ਸਭਾ ਦੇ ਪ੍ਰਤੀਨਿਧੀ ਰਾਹੀਂ ਸਭਾ ਦੀ ਮਦਦ ਨਾਲ ਕਿਰਤੀਆਂ ਦੇ ਹਿਸਾਬ ਕਿਤਾਬ ਅਤੇ ਮੈਂਬਰ ਨੂੰ ਦਿੱਤੇ ਕੰਮ-ਕਾਰ ਦਾ ਨਿਰੀਖਣ ਕਰਨਾ ;

(xxvii) ਮੈਂਬਰਾਂ ਨੂੰ ਕੰਮ ਅਲਾਟ ਕਰਨਾ ਅਤੇ ਵਰਕਰਾਂ ਦੇ ਹਰੇਕ ਵਰਗ ਨੂੰ ਅਦਾ ਕੀਤੀਆਂ ਜਾਣ ਵਾਲੀਆਂ ਉਜਰਤਾਂ ਨੂੰ ਨਿਸ਼ਚਿਤ ਕਰਨਾ ;

(xxviii) ਮੈਂਬਰਾਂ ਅਤੇ ਹੋਰਨਾਂ ਨੂੰ ਜੁਰਮਾਨਾ ਲਾਉਣਾ, ਦੰਡ ਲਾਉਣਾ ਅਤੇ ਨੁਕਸਾਨ ਦਾ ਹਰਜਾਨਾ ਤੈਅ ਕਰਨਾ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਇੰਤਜ਼ਾਮ ਕਰਨੇ ;

(xxix) ਇਸ ਗੱਲ ਉੱਤੇ ਨਿਗਰਾਨੀ ਰੱਖਣੀ ਕਿ ਪੇਸ਼ਗੀਆਂ ਨੂੰ ਉਨ੍ਹਾਂ ਹੀ ਮਨਜ਼ੂਰਸ਼ੁਦਾ ਉਦੇਸ਼ਾਂ ਲਈ ਵਰਤਿਆ ਜਾ ਰਿਹਾ ਹੈ ਜਿਨ੍ਹਾਂ ਲਈ ਉਨ੍ਹਾਂ ਨੂੰ ਵਰਤਣ ਦੀ ਲੋੜ ਸੀ ;

(xxx) ਇਹ ਵੇਖਣਾ ਕਿ ਕੀ ਮੈਂਬਰ ਨਿਸ਼ਚਿਤ ਸਮੇਂ ਅੰਦਰ ਆਪਣਾ ਕੰਮ ਮੁਕੰਮਲ ਕਰਦੇ ਹਨ।

37. ਪ੍ਰਬੰਧਕੀ ਕਮੇਟੀ ਲਈ ਇਹ ਯੋਗ ਹੋਵੇਗਾ ਕਿ ਉਹ ਉੱਪ-ਨਿਯਮਾਂ ਦੇ ਅਨੁਕੂਲ, ਸਭਾ ਦੇ ਆਚਾਰ ਲਈ ਸਹਾਇਕ ਨਿਯਮ ਉਲੀਕੇ। ਅਜਿਹੇ ਸਹਾਇਕ ਨਿਯਮ ਸਭਾ ਦੀ ਕਾਰਵਾਈ ਪੁਸਤਿਕਾ ਵਿੱਚ ਦਾਖ਼ਲ ਕੀਤੇ ਜਾਣਗੇ ਅਤੇ ਕੇਵਲ ਰਜਿਸਟਰਾਰ ਦੀ ਮਨਜ਼ੂਰੀ ਮਿਲਣ ਮਗਰੋਂ ਹੀ ਲਾਗੂ ਹੋਣਗੇ।

38. ਪ੍ਰਬੰਧਕੀ ਕਮੇਟੀ ਇੱਕ ਕਾਰਜਕਾਰਨੀ ਦਾ ਗਠਨ ਕਰ ਸਕਦੀ ਹੈ ਅਤੇ ਉਸ ਨੂੰ ਅਜਿਹੀਆਂ ਸ਼ਕਤੀਆਂ ਅਤੇ ਕਾਰਜ ਪ੍ਰਦਾਨ ਕਰ ਸਕਦੀ ਹੈ, ਜਿੰਨੇ ਵੀ ਉਹ ਠੀਕ ਸਮਝੇ।

39. ਸਭਾ ਦੇ ਮਾਮਲਿਆਂ ਦੇ ਆਚਾਰ ਵਿੱਚ ਕਾਰਜਕਾਰਨੀ ਕਮੇਟੀ ਦੇ ਪ੍ਰਬੰਧਕੀ ਮੈਂਬਰ ਕਾਰ-ਵਿਹਾਰ ਦੇ ਸਾਧਾਰਣ ਵਿਅਕਤੀਆਂ ਦੀ ਸਿਆਣਪ ਅਤੇ ਤਨਦੇਹੀ ਦੀ ਵਰਤੋਂ ਕਰਨਗੇ ; ਅਤੇ ਕਾਨੂੰਨ, ਉਪ-ਨਿਯਮਾਂ ਅਤੇ ਸਭਾ ਦੇ ਵਰਣਿਤ ਉਦੇਸ਼ਾਂ ਦੇ ਉਲਟ ਕੀਤੇ ਕੰਮਾਂ ਰਾਹੀਂ ਹੋਣ ਵਾਲੇ ਕਿਸੇ ਵੀ ਨੁਕਸਾਨ ਦੇ ਜ਼ਿੰਮੇਵਾਰ ਹੋਣਗੇ।

40. ਪ੍ਰਬੰਧਕੀ ਕਮੇਟੀ ਦੀ ਮੀਟਿੰਗ ਵਿੱਚ ਵਿਚਾਰੇ ਗਏ ਸਾਰੇ ਕਾਰ-ਵਿਹਾਰ ਜਾਂ ਇੱਕ ਮੀਟਿੰਗ ਵਿੱਚ ਲਏ ਜਾਣ ਵਾਲੇ ਸਾਰੇ ਫ਼ੈਸਲਿਆਂ ਦਾ ਰਿਕਾਰਡ ਕਾਰਵਾਈ-ਪੁਸਤਕ ਵਿੱਚ ਰੱਖਿਆ ਜਾਵੇਗਾ ਅਤੇ ਉਸ ਉੱਤੇ ਮੀਟਿੰਗ ਦੇ ਚੇਅਰਮੈਨ ਅਤੇ ਹਾਜ਼ਰ ਸਾਰੇ ਮੈਂਬਰਾਂ ਵਲੋਂ ਹਸਤਾਖਰ ਕੀਤੇ ਜਾਣਗੇ।

## ਸਕੱਤਰ

41. ਸਕੱਤਰ ਦੀਆਂ ਸ਼ਕਤੀਆਂ ਅਤੇ ਫ਼ਰਜ਼ ਨਿਮਨਲਿਖਿਤ ਅਨੁਸਾਰ ਹੋਣਗੇ :-

(i) ਨਿਰਧਾਰਿਤ ਦਸਤਾਵੇਜ਼ ਅਤੇ ਰਜਿਸਟਰਾਂ ਦਾ ਠੀਕ ਢੰਗ ਨਾਲ ਰੱਖ-ਰਖਾਅ ਰੱਖਣਾ ਅਤੇ ਉਨ੍ਹਾਂ ਨੂੰ ਅਪ-ਟੂ -ਡੇਟ ਕਰਨਾ ;

(ii) ਜਦੋਂ ਇਨ੍ਹਾਂ ਉੱਪ-ਨਿਯਮਾਂ ਤਹਿਤ ਲੋੜ ਹੋਵੇ ਤਾਂ ਰਿਣੀਆਂ ਤੋਂ ਭੁਗਤਾਨਯੋਗ ਬਾਂਡਾਂ ਦਾ ਪਾਲਣ ਜ਼ਮਾਨਤ ਸਮੇਤ ਪ੍ਰਾਪਤ ਕਰਨਾ ;

(iii) ਨਿਯਮਾਂ ਜਾਂ ਉੱਪ-ਨਿਯਮਾਂ ਜਾਂ ਕਮੇਟੀ ਵੱਲੋਂ ਮੰਗੇ ਗਏ ਸਾਰੀਆਂ ਰਸੀਦਾਂ, ਵਾਊਚਰ ਅਤੇ ਦਸਤਾਵੇਜ਼ ਤਿਆਰ ਕਰਨੇ ;

(iv) ਸਭਾ ਵੱਲੋਂ ਦਸਤਖ਼ਤ ਕਰਨੇ ਅਤੇ ਇਸ ਵੱਲੋਂ ਚਿੱਠੀ-ਪੱਤਰ ਕਰਨਾ ;

(v) ਜਨਰਲ ਮੀਟਿੰਗ ਸੱਦਣੀ ਅਤੇ ਉਸ ਵਿੱਚ ਸ਼ਾਮਲ ਹੋਣਾ ;

(vi) ਅਜਿਹੀਆਂ ਮੀਟਿੰਗਾਂ ਦੀਆਂ ਕਾਰਵਾਈਆਂ ਦਾ ਰਿਕਾਰਡ ਰੱਖਣਾ ਅਤੇ ਬਾਕਾਇਦਾ ਉਸ ਉੱਤੇ ਦਸਤਖ਼ਤ ਕਰਵਾਉਣੇ ;

(vii) ਸਾਲਾਨਾ ਸਟੇਟਮੈਂਟਾਂ ਤਿਆਰ ਕਰਨਾ ਅਤੇ ਰਜਿਸਟਰਾਰ ਵੱਲੋਂ ਨਿਰਧਾਰਤ ਸਮੇਂ ਦੇ ਅੰਦਰ ਉਨ੍ਹਾਂ ਨੂੰ ਰਜਿਸਟਰਾਰ ਕੋਲ ਪੇਸ਼ ਕਰਨਾ ;

(viii) ਆਪਣੇ ਅਧੀਨ ਸਟਾਫ਼ ਉੱਤੇ ਕੰਟਰੋਲ ਕਰਨਾ ;

(ix) ਸਹਿਕਾਰੀ ਸਭਾ ਕਾਨੂੰਨ ਦੇ ਤਹਿਤ ਕਿਤਾਬਾਂ ਵਿੱਚ ਇੰਦਰਾਜਾਂ ਦੀਆਂ ਕਾਪੀਆਂ ਨੂੰ ਤਸਦੀਕ ਕਰਨਾ ;

(x) ਪ੍ਰਬੰਧਕੀ ਕਮੇਟੀ ਵੱਲੋਂ ਤੈਅ ਸੀਮਾਵਾਂ ਦੇ ਅੰਦਰ ਹੰਗਾਮੀ ਖ਼ਰਚ ਕਰਨਾ ;

(xi) ਆਮ ਤੌਰ ਉੱਤੇ ਸਭਾ ਦਾ ਚਲੰਤ ਕਾਰ-ਵਿਹਾਰ ਕਰਨਾ ਅਤੇ ਕਮੇਟੀ ਵੱਲੋਂ ਉਸ ਨੂੰ ਸੌਂਪੀਆਂ ਗਈਆਂ ਸਾਰੀਆਂ ਡਿਊਟੀਆਂ ਨੂੰ ਨਿਭਾਉਣਾ ;

(xii) ਅਥਾਰਟੀਆਂ ਨੂੰ ਸਮੇਂ-ਸਮੇਂ ਸਿਰ ਅਜਿਹੀ ਜਾਣਕਾਰੀ .......................... ਪਹੁੰਚਾਉਣੀ।

## ਖ਼ਜ਼ਾਨਚੀ

42. ਖ਼ਜ਼ਾਨਚੀ ਦੀ ਚੋਣ ਪ੍ਰਬੰਧਕੀ ਕਮੇਟੀ ਵੱਲੋਂ ਕੀਤੀ ਜਾਵੇਗੀ ਅਤੇ ਉਹ ਕਿਸੇ ਵੀ ਸਰੋਤ ਤੋਂ ਸਭਾ ਵੱਲੋਂ ਪ੍ਰਾਪਤ ਕੀਤੇ ਜਾਣ ਵਾਲੇ ਸਾਰੇ ਧਨ ਦਾ ਚਾਰਜ ਲਵੇਗਾ ਅਤੇ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਭੁਗਤਾਨ ਕਰੇਗਾ। ਉਹ ਕੈਸ਼ ਬੁੱਕ ਉੱਤੇ ਦਸਤਖ਼ਤ ਕਰੇਗਾ ਜੋ ਇਸ ਦੇ ਸਹੀ ਹੋਣ ਦਾ ਸੰਕੇਤ ਹੋਵੇਗਾ ਅਤੇ ਪ੍ਰਧਾਨ, ਕਮੇਟੀ ਜਾਂ ਆਡੀਟਰ ਜਾਂ ਸਹਿਕਾਰੀ ਵਿਭਾਗ ਦੇ ਕਿਸੇ ਅਧਿਕਾਰੀ ਵੱਲੋਂ ਮੰਗੇ ਜਾਣ ਉੱਤੇ ਕੈਸ਼ ਬੈਲੰਸ (ਨਕਦ ਬਕਾਇਆ) ਪੇਸ਼ ਕਰੇਗਾ।

## ਰਜਿਸਟਰਜ਼

43. ਨਿਮਨਲਿਖਿਤ ਰਜਿਸਟਰਾਂ ਅਤੇ ਦਸਤਾਵੇਜ਼ਾਂ ਦਾ ਰੱਖ-ਰਖਾਅ ਰੱਖਿਆ ਜਾਵੇਗਾ ਅਤੇ ਫੰਡ ਵਿੱਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਸ ਦਾ ਨਿਰੀਖਣ ਕਰ ਸਕਣ ਦੀ ਖੁੱਲ੍ਹ ਹੋਵੇਗੀ ਪ੍ਰੰਤੂ ਕਿਸੇ ਵੀ ਵਿਅਕਤੀ ਨੂੰ ਉਦੋਂ ਤੱਕ ਕਿਸੇ ਵੀ ਵਿਅਕਤੀ ਦਾ ਜਮ੍ਹਾਂ ਖਾਤਾ (ਡਿਪਾਜ਼ਿਟ ਅਕਾਊਂਟ) ਵੇਖਣ ਦੀ ਉਦੋਂ ਤੱਕ ਇਜਾਜ਼ਤ ਨਹੀਂ ਹੋਵੇਗੀ ਜਦੋਂ ਤੱਕ ਜਮ੍ਹਾਂ ਖਾਤੇ ਦੇ ਮਾਲਿਕ ਨੇ ਲਿਖਤੀ ਰੂਪ ਵਿੱਚ ਇਸ ਨੂੰ ਵੇਖਣ ਦੀ ਇਜਾਜ਼ਤ ਨਾ ਦਿੱਤੀ ਹੋਵੇ :-

(i) ਮੈਂਬਰਾਂ ਦਾ ਰਜਿਸਟਰ ਜਿਸ ਵਿੱਚ ਉਨ੍ਹਾਂ ਦੇ ਨਾਮ, ਪਤੇ ਅਤੇ ਹਰੇਕ ਮੈਂਬਰ ਦਾ ਕਿੱਤਾ, ਉਸ ਕੋਲ ਸਭਾ ਦੇ ਸ਼ੇਅਰਾਂ ਦੀ ਗਿਣਤੀ, ਉਸ ਵੱਲੋਂ ਮੈਂਬਰਸ਼ਿਪ ਹਾਸਲ ਕਰਨ ਦੀ ਤਰੀਕ, ਮੈਂਬਰਸ਼ਿਪ ਦੇ ਖ਼ਾਤਮੇ ਦੀ ਤਰੀਕ ਅਤੇ ਉੱਪ- ਨਿਯਮ-8 ਅਧੀਨ ਨਿਯੁਕਤ ਨਾਮਜ਼ਦ ਮੈਂਬਰ ;

(ii) ਇੱਕ ਕੈਸ਼-ਬੁੱਕ ਅਤੇ ਰੋਜ਼ਨਾਮਚਾ (ਡੇਅ ਬੁੱਕ), ਜਿਨ੍ਹਾਂ ਵਿੱਚ ਹਰੇਕ ਦਿਨ ਦੇ ਕੀਤੇ ਕਾਰ-ਵਿਹਾਰ ਦੌਰਾਨ ਆਮਦਨ, ਖ਼ਰਚ ਅਤੇ ਬਕਾਇਆ (ਬੈਲੈਂਸ) ਦਰਸਾਇਆ ਗਿਆ ਹੋਵੇ ;

(iii) ਹਰੇਕ ਮੈਂਬਰ, ਜਮ੍ਹਾਂ-ਖਾਤੇਦਾਰ ਅਤੇ ਰਿਣਦਾਤਾ ਲਈ ਇੱਕ ਵਹੀ ਖਾਤਾ (ਲੈਜਰ ਅਕਾਊਂਟ) ਅਤੇ ਹਰੇਕ ਦਿਨ ਦਾ ਬਕਾਇਆ ਜਾਂ ਫੁਟਕਲ ਅਤੇ ਹੰਗਾਮੀ ਆਮਦਨ ਅਤੇ ਖ਼ਰਚ ਦਾ ਹਿਸਾਬ-ਕਿਤਾਬ ;

(iv) ਇੱਕ ਰਜਿਸਟਰ ਜਿਸ ਵਿੱਚ, ਸ਼ੇਅਰਾਂ ਦੇ ਭੁਗਤਾਨ ਲਈ ਮਾਹਵਾਰੀ ਕਿਸ਼ਤਾਂ ਨੂੰ ਦਰਸਾਇਆ ਗਿਆ ਹੋਵੇ;

(v) ਇੱਕ ਕਾਰਵਾਈ ਪੁਸਤਕ ;

(vi) ਬਾਂਡਾਂ ਦੀ ਪੁਸਤਕ, ਜਿਸ ਵਿੱਚ ਜਾਰੀ ਕੀਤੇ ਗਏ ਸਾਰੇ ਕਰਜ਼ੇ ਦਰਸਾਏ ਗਏ ਹੋਣ ;

(vii) ਮਸਟਰ ਰੋਲਜ਼ ਜਾਂ ਰੋਜ਼ਾਨਾ ਹਾਜ਼ਰੀ ਰਜਿਸਟਰ ;

(viii) ਫਰਨੀਚਰ, ਸਟਾਕ ਅਤੇ ਸਕਿਓਰਿਟੀਆਂ ਲਈ ਇੱਕ ਰਜਿਸਟਰ ;

(ix) ਵਿਕਰੀ ਰਜਿਸਟਰ ;

(x) ਇੱਕ ਕਾਰਜ ਰਜਿਸਟਰ, ਜਿਸ ਵਿੱਚ ਇਨ੍ਹਾਂ ਉਪ-ਨਿਯਮਾਂ ਤਹਿਤ ਸਭਾ ਵੱਲੋਂ ਹੱਥ 'ਚ ਲਏ ਗਏ ਕੰਮ ਦਰਸਾਏ ਗਏ ਹੋਣ ;

(xi) ਅਜਿਹੇ ਰਜਿਸਟਰ ਅਤੇ ਨਿਰਮਾਣ ਨਾਲ ਸਬੰਧਤ ਹੋਰ ਰਿਕਾਰਡ ਅਤੇ ਜਿਵੇਂ ਰਜਿਸਟਰਾਰ ਜਾਂ ਪ੍ਰਬੰਧਕੀ ਕਮੇਟੀ ਵਲੋਂ ਜਿਹੋ ਜਿਹਾ ਰਿਕਾਰਡ ਰੱਖਣ ਲਈ ਆਖਿਆ ਜਾਵੇ।

44. ਸਭਾ ਦੀਆਂ ਇਹ ਪੁਸਤਕਾਂ ਸਭਾ ਦੇ ਫੰਡਾਂ ਵਿੱਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਵੇਖਣ ਦੀ ਖੁੱਲ੍ਹ ਹੋਵੇਗੀ ਪ੍ਰੰਤੂ ਕਿਸੇ ਨੂੰ ਉਦੋਂ ਤੱਕ ਕਿਸੇ ਵਿਅਕਤੀ ਦਾ ਜਮ੍ਹਾਂ ਖਾਤਾ ਵੇਖਣ ਦੀ ਇਜਾਜ਼ਤ ਨਹੀਂ ਹੋਵੇਗੀ ਜਦੋਂ ਤੱਕ ਜਮ੍ਹਾਂ ਖਾਤੇਦਾਰ ਨੇ ਇਸ ਸਬੰਧੀ ਲਿਖਤੀ ਮਨਜ਼ੂਰੀ ਨਾ ਦਿੱਤੀ ਹੋਵੇ। ਉੱਪ-ਨਿਯਮਾਂ ਅਤੇ ਬੈਲੰਸ ਸ਼ੀਟਾਂ ਦੀਆਂ ਕਾਪੀਆਂ ਕਿਸੇ ਵੀ ਮੈਂਬਰ ਦੀ ਮੰਗ ਉੱਤੇ ਉਸ ਨੂੰ ਮੁਫ਼ਤ ਦਿੱਤੀਆਂ ਜਾਣਗੀਆਂ।

45. (ਏ) ਮੈਂਬਰਾਂ ਅਤੇ ਹੋਰ ਵਿਅਕਤੀਆਂ ਨੂੰ ਪੇਸ਼ਗੀਆਂ ਉਦੋਂ ਹੀ ਦਿੱਤੀਆਂ ਜਾਣਗੀਆਂ ਜਦੋਂ ਉਨ੍ਹਾਂ ਨੂੰ ਸੌਂਪੇ ਗਏ ਕੰਮਾਂ ਨੂੰ ਮੁਕੰਮਲ ਕਰਨ ਲਈ ਉਨ੍ਹਾਂ ਦੀ ਲੋੜ ਹੋਵੇਗੀ।

(ਬੀ) ਪੇਸ਼ਗੀਆਂ ਕਿਸੇ ਵੀ ਹਾਲਤ ਵਿੱਚ ਇੱਕ ਵਿਅਕਤੀ ਵੱਲੋਂ ਇੱਕ ਮਹੀਨੇ ਦੌਰਾਨ ਕੀਤੇ ਜਾਣ ਵਾਲੇ ਕੰਮ ਦੀ ਅਨੁਮਾਨਿਤ ਲਾਗਤ ਦੇ ਅੱਧੇ ਹਿੱਸੇ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ ਅਤੇ ਇਹ ਪੇਸ਼ਗੀਆਂ ਕਿਸ਼ਤਾਂ ਵਿੱਚ ਦਿੱਤੀਆਂ ਜਾਣਗੀਆਂ।

(ਸੀ) ਹਰੇਕ ਪੇਸ਼ਗੀ ਬਦਲੇ ਕਰਜ਼ਦਾਰਾਂ ਨੂੰ ਇੱਕ ਬਾਂਡ ਭਰਨਾ ਹੋਵੇਗਾ ਅਤੇ ਸਾਰੇ ਮਾਮਲਿਆਂ ਵਿੱਚ ਜ਼ਮਾਨਤ (ਸਕਿਓਰਿਟੀ) ਜਮ੍ਹਾਂ ਕਰਵਾਉਣੀ ਹੋਵੇਗੀ।

(ਡੀ) ਕਿਸੇ ਨਵੇਂ ਕੰਮ ਲਈ ਉਦੋਂ ਤੱਕ ਕੋਈ ਨਵੀਂ ਪੇਸ਼ਗੀ ਨਹੀਂ ਦਿੱਤੀ ਜਾਵੇਗੀ ਜਦੋਂ ਤੱਕ ਪਹਿਲੀ ਪੇਸ਼ਗੀ ਪੂਰੀ ਤਰ੍ਹਾਂ ਵਾਪਸ ਨਹੀਂ ਕਰ ਦਿੱਤੀ ਜਾਂਦੀ। ਹਰੇਕ ਪੇਸ਼ਗੀ, ਉਜਰਤਾਂ ਜਾਂ ਬਿਲਾਂ ਦੀ ਅਗਲੀ ਅਦਾਇਗੀ ਵਿਚੋਂ ਜ਼ਰੂਰ ਹੀ ਵਾਪਸ ਕਰ ਦਿੱਤੀ ਜਾਣੀ ਚਾਹੀਦੀ ਹੈ।

(ਈ) ਜੇ ਕਮੇਟੀ ਫੰਡ ਅਤੇ ਬਕਾਇਆ ਕਰਜ਼ਾ ਪੇਸ਼ਗੀਆਂ ਲਈ ਸਕਿਓਰਿਟੀ ਨਾਕਾਫ਼ੀ ਹੋ ਗਈਆਂ ਹਨ ਤਾਂ ਉਹ ਕਰਜ਼ਦਾਰ ਨੂੰ ਸੰਤੋਖਜਨਕ ਸਕਿਓਰਿਟੀ ਪ੍ਰਦਾਨ ਕਰਨ ਲਈ ਕਹਿਣਗੇ, ਅਤੇ ਡਿਫਾਲਟ ਦੀ ਹਾਲਤ ਵਿੱਚ ਕਰਜ਼ਾ ਜਾਂ ਪੇਸ਼ਗੀ ਤੁਰੰਤ ਵਾਪਸ ਕਰਨ ਲਈ ਆਖਿਆ ਜਾਵੇਗਾ। ਕਰਜ਼ਾ ਅਤੇ ਪੇਸ਼ਗੀ ਉਸ ਹਾਲਤ ਵਿੱਚ ਵੀ ਵਾਪਸ ਕਰਨ ਲਈ ਆਖਿਆ ਜਾਵੇਗਾ ਜੇ ਕਮੇਟੀ ਨੂੰ ਇਹ ਪਤਾ ਲੱਗੇ ਕਿ ਉਹ ਕਰਜ਼ਾ ਉਨ੍ਹਾਂ ਉਦੇਸ਼ਾਂ/ਮੰਤਵਾਂ ਲਈ ਨਹੀਂ ਵਰਤਿਆ ਗਿਆ ਹੈ, ਜਿਨ੍ਹਾਂ ਦੇ ਆਧਾਰ ਉੱਤੇ ਕਰਜ਼ਾ ਅਤੇ ਪੇਸ਼ਗੀ ਹਾਸਲ ਕਰਨ ਲਈ ਅਰਜ਼ੀ ਦਿੱਤੀ ਗਈ ਸੀ।

46. ਸਭਾ ਦੇ ਚਾਰਜ ਜਾਂ ਉਸ ਦੀ ਜ਼ਿੰਮੇਵਾਰੀ ਵਾਲੇ ਸਾਰੇ ਦਸਤਾਵੇਜ਼ਾਂ ਉੱਤੇ ਪ੍ਰਧਾਨ, ਸਕੱਤਰ ਅਤੇ ਖ਼ਜ਼ਾਨਚੀ ਦੇ ਦਸਤਖ਼ਤ ਹੋਣਗੇ ; ਬਸ਼ਰਤੇ ਕਿ 200/-ਰੁਪਏ ਤੱਕ ਦੀ ਰਸੀਦ ਅਤੇ ਚੈੱਕਾਂ ਅਤੇ ਜਮ੍ਹਾਂ-ਖਾਤਿਆਂ ਅਤੇ ਭੁਗਤਾਨ ਲਈ ਰਸੀਦ ਨਾਲ ਸਬੰਧਤ ਸਭਾ ਦੇ ਦਸਤਾਵੇਜ਼ਾਂ ਨੂੰ ਸਭਾ ਦੀ ਸੀਲ ਨਾਲ ਸੀਲਬੰਦ ਕੀਤਾ ਜਾਵੇਗਾ। ਇਹ ਸੀਲ ਸਕੱਤਰ ਦੀ ਹਿਫ਼ਾਜ਼ਤ ਵਿੱਚ ਰਹੇਗੀ।

## ਮੈਂਬਰ ਕਲਿਆਣ ਫੰਡ

47. ਸਭਾ ਮੈਂਬਰਾਂ ਦੇ ਲਾਭ ਲਈ ਮੈਂਬਰ ਕਲਿਆਣ ਫੰਡ ਕਾਇਮ ਕਰਕੇ ਉਸਦਾ ਰੱਖ-ਰਖਾਅ ਕਰ ਸਕਦੀ ਹੈ ਅਤੇ ਉਨ੍ਹਾਂ ਵੱਲੋਂ ਵਿਨਿਯਮ ਵੀ ਬਣਾ ਸਕਦੀ ਹੈ।

48. ਜੇ ਕੋਈ ਮੈਂਬਰ ਕਿਸੇ ਬਿਮਾਰੀ ਜਾਂ ਹਾਦਸੇ ਕਾਰਨ ਪੰਦਰਾਂ ਦਿਨਾਂ ਤੋਂ ਵੱਧ ਦੇ ਸਮੇਂ ਲਈ ਉਜਰਤਾਂ ਕਮਾਉਣ ਦੇ ਅਯੋਗ ਹੁੰਦਾ ਹੈ ਤਾਂ ਕਮੇਟੀ ਉਸ ਲਈ ਲਾਭ ਅਤੇ ਰੋਜ਼ਗਾਰ ਫੰਡ ਵਿੱਚੋਂ ਉਸਦੀ ਅਯੋਗਤਾ ਦੇ ਸੋਲ੍ਹਵੇਂ ਦਿਨ ਤੋਂ ਵੱਧ ਤੋਂ ਵੱਧ 5/-ਰੁਪਏ ਪ੍ਰਤੀ ਮਹੀਨਾ ਦੀ ਦਰ ਉੱਤੇ ਗੁਜ਼ਾਰਾ ਭੱਤਾ ਮਨਜ਼ੂਰ ਕਰ ਸਕਦੀ ਹੈ।

49. ਮੈਂਬਰ ਆਪਣੀ ਕਮਾਈ ਦੇ ਇੱਕ ਰੁਪਏ ਵਿੱਚੋਂ 6 ਨਵੇਂ ਪੈਸੇ ਦੇ ਹਿਸਾਬ ਨਾਲ ਬੇਰੁਜ਼ਗਾਰੀ ਫੰਡ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ ਜੋ ਕਿ ਬੇਰੁਜ਼ਗਾਰੀ ਜਾਂ ਪ੍ਰਸੂਤ ਦੀ ਹਾਲਤ ਵਿੱਚ ਅਜਿਹੀਆਂ ਮਾਹਵਾਰੀ ਕਿਸ਼ਤਾਂ ਵਿੱਚ ਉਸ ਹਿਸਾਬ ਨਾਲ ਮੋੜਨਯੋਗ ਹੋਣਗੇ ਜਿਵੇਂ ਵੀ ਕਮੇਟੀ, ਜਨਰਲ ਮੀਟਿੰਗ ਦੀ ਮਨਜ਼ੂਰੀ ਨਾਲ ਇਸ ਸਬੰਧੀ ਫ਼ੈਸਲਾ ਲਵੇ। ਜਿਹੜੇ ਮੈਂਬਰਾਂ ਨੇ ਆਪਣਾ ਬੇਰੁਜ਼ਗਾਰੀ ਯੋਗਦਾਨ ਪਾਇਆ ਹੋਵੇਗਾ ਉਨ੍ਹਾਂ ਦਾ ਲਾਭ ਫੰਡ ਉੱਤੇ ਅਗਾਊਂ ਅਧਿਕਾਰ ਹੋਵੇਗਾ।

## ਮੁਨਾਫ਼ਿਆਂ ਦੀ ਵੰਡ

50. ਸਭਾ ਦੇ ਸ਼ੁੱਧ ਲਾਭ, ਬੈਲੈਂਸ ਸ਼ੀਟ ਅਨੁਸਾਰ, ਨਿਮਨਲਿਖਿਤ ਢੰਗ ਨਾਲ ਵੰਡੇ ਜਾਣਗੇ :-

(i) ਘੱਟੋ-ਘੱਟ 10 ਫੀ ਸਦੀ ਰਾਖਵੇਂ ਫੰਡ ਵਿੱਚ ਰੱਖਿਆ ਜਾਵੇਗਾ ;

(ii) ਅਜਿਹਾ ਅਨੁਪਾਤ, ਸ਼ੁੱਧ ਮੁਨਾਫ਼ਿਆਂ ਦਾ ਵੱਧ ਤੋਂ ਵੱਧ 5 ਫੀ ਸਦੀ, ਰਜਿਸਟਰਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਨਿਰਦੇਸ਼ਾਂ ਅਨੁਸਾਰ ਸਹਿਕਾਰੀ ਸਿੱਖਿਆ ਫੰਡ ਵਿੱਚ ਰੱਖਿਆ ਜਾਵੇਗਾ ;

(iii) ਬਾਕੀ ਫੰਡਾਂ ਦੀ ਉਪਯੋਗਤਾ ਨਿਮਨਲਿਖਿਤ ਇੱਕ ਜਾਂ ਵੱਧ ਉਦੇਸ਼ਾਂ ਲਈ ਕੀਤੀ ਜਾ ਸਕਦੀ ਹੈ :

(ਏ) ਮੈਂਬਰਾਂ ਵਿਚਾਲੇ ਲਾਭਾਂਸ਼ (ਡਿਵੀਡੈਂਡ) ਦੀ ਵੰਡ, ਸ਼ੇਅਰਾਂ ਦੀ ਅਦਾ ਕੀਤੀ ਕੀਮਤ ਦੀ ਵੱਧ ਤੋਂ ਵੱਧ 10 ਫੀ ਸਦੀ ਦੀ ਦਰ ’ਤੇ।

(ਬੀ) ਬੋਨਸ ਦੇ ਰੂਪ ਵਿੱਚ, ਜਿੰਨਾ ਵੀ-ਮੈਂਬਰਾਂ ਵੱਲੋਂ ਠੇਕੇ ਦੀ ਤਾਮੀਲ ਵਿੱਚ ਕੀਤੇ ਗਏ ਕੰਮ ਦੇ ਅਨੁਪਾਤ ਵਿੱਚ ਜਨਰਲ ਕਮੇਟੀ ਮਨਜ਼ੂਰ ਕਰੇ ।

(ਸੀ) ਸ਼ੁੱਧ ਮੁਨਾਫ਼ਿਆਂ ਦਾ ਵੱਧ ਤੋਂ ਵੱਧ 9 ਫੀ ਸਦੀ ਹਿੱਸਾ ਖੈਰਾਤੀ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ ਜਿਵੇਂ ਕਿ ਖੈਰਾਤੀ ਧਰਮ-ਦਾਨ ਕਾਨੂੰਨ 1890 ਦੇ ਸੈਕਸ਼ਨ 2 ਵਿੱਚ ਪਰਿਭਾਸ਼ਿਤ ਹੈ ਜਾਂ ਇਹ ਹਿੱਸਾ ਇਨ੍ਹਾਂ ਉਦੇਸ਼ਾਂ ਲਈ ਕਾਮਨ ਗੁੱਡ ਫੰਡ ਲਈ ਰੱਖਿਆ ਜਾ ਸਕਦਾ ਹੈ।

(ਡੀ) ਸਭਾ ਵੱਲੋਂ ਲੋੜੀਂਦੇ - ਖ਼ਰਾਬ ਕਰਜ਼ਾ ਫੰਡ, ਮੈਂਬਰ ਕਲਿਆਣ ਫੰਡ, ਬਿਲਡਿੰਗ ਫੰਡ, ਜਾਂ ਕਿਸੇ ਵੀ ਹੋਰ ਫੰਡ ਦੀ ਸਥਾਪਨਾ।

(ਈ) ਕਿਸੇ ਵੀ ਵਾਧੂ ਫੰਡ ਨਾਲ ਕੋਈ ਰਾਖਵਾਂ ਫੰਡ ਕਾਇਮ ਕੀਤਾ ਜਾ ਸਕਦਾ ਹੈ ਜਾਂ ਉਸ ਵਾਧੂ ਫੰਡ ਨੂੰ ਅਗਲੇ ਸਾਲ ਦੇ ਮੁਨਾਫ਼ਿਆਂ ਲਈ ਰੱਖਿਆ ਜਾ ਸਕਦਾ ਹੈ।

51. ਸਹਿਕਾਰੀ ਸਿਧਾਂਤਾਂ ਅਤੇ ਅਭਿਆਸਾਂ ਦਾ ਗਿਆਨ ਪ੍ਰਦਾਨ ਕਰਨ ਜਿਹੇ ਕਦਮਾਂ ਉੱਤੇ ਖ਼ਰਚ ਕਰਨਾ ਸਭਾ ਲਈ ਯੋਗ ਹੋਵੇਗਾ। ਇਸ ਉਦੇਸ਼ ਲਈ ਸਭਾ ਨੂੰ ਰਜਿਸਟਰਾਰ ਦੇ ਨਿਰਦੇਸ਼ਾਂ ਅਨੁਸਾਰ ਹਰੇਕ ਸਾਲ ਵੱਧ ਤੋਂ ਵੱਧ 10/-ਰੁਪਏ ਦਾ ਯੋਗਦਾਨ ਪਨਕੋਫੈੱਡ ਨੂੰ ਦੇਣਾ ਹੋਵੇਗਾ।

52. ਰਾਖਵਾਂ ਫੰਡ ਵੰਡਣਯੋਗ ਨਹੀਂ ਹੋਵੇਗਾ ਅਤੇ ਕੋਈ ਵੀ ਮੈਂਬਰ ਉਸ ਵਿਚੋਂ ਵਿਸ਼ੇਸ਼ ਹਿੱਸੇ ਦਾ ਦਾਅਵਾ ਨਹੀਂ ਕਰ ਸਕੇਗਾ, ਬਸ਼ਰਤੇ ਕਿ, ਰਜਿਸਟਰਾਰ ਦੀ ਅਗਾਊਂ ਮਨਜ਼ੂਰੀ ਨਾਲ ਵਿਸ਼ੇਸ਼ ਹਾਲਾਤ ਵਿੱਚ ਰਾਖਵੇਂ ਫੰਡ ਦੀ ਉਪਯੋਗਤਾ ਨੁਕਸਾਨਾਂ ਦਾ ਸਾਹਮਣਾ ਕਰਨ ਲਈ ਕੀਤੀ ਜਾ ਸਕਦੀ ਹੈ।

## ਉੱਪ-ਨਿਯਮਾਂ ਦੀ ਸੋਧ

53. ਐਕਟ ਦੀਆਂ ਵਿਵਸਥਾਵਾਂ ਅਤੇ ਨਿਯਮਾਂ ਅਨੁਸਾਰ ਇਨ੍ਹਾਂ ਉੱਪ-ਨਿਯਮਾਂ ਵਿੱਚ ਮਤਾ ਪਾਸ ਕੀਤੇ ਬਿਨਾ ਕੋਈ ਸੋਧ ਨਹੀਂ ਕੀਤੀ ਜਾ ਸਕਦੀ।

ਬਸ਼ਰਤੇ ਕਿ ਅਜਿਹਾ ਕੋਈ ਵੀ ਮਤਾ ਉਦੋਂ ਤੱਕ ਲਾਗੂ ਨਹੀਂ ਹੋਵੇਗਾ ਜਦੋਂ ਤੱਕ ਜਨਰਲ ਮੀਟਿੰਗ ਵਿੱਚ ਹਾਜ਼ਰ ਬਹੁਗਿਣਤੀ ਮੈਂਬਰਾਂ ਨੇ ਉਸ ਨੂੰ ਪਾਸ ਨਾ ਕੀਤਾ ਹੋਵੇ ਅਤੇ ਉਸ ਮੀਟਿੰਗ ਵਿੱਚ ਸਭਾ ਦੇ ਘੱਟੋ-ਘੱਟ ਦੋ ਤਿਹਾਈ ਮੈਂਬਰ ਹਾਜ਼ਰ ਹੋਣੇ ਚਾਹੀਦੇ ਹਨ।

ਬਸ਼ਰਤੇ ਕਿ ਰਜਿਸਟਰਾਰ ਵੱਲੋਂ ਪਹਿਲਾਂ ਤੋਂ ਹੀ ਮਨਜ਼ੂਰਸ਼ੁਦਾ ਮਾਡਲ ਉੱਪ-ਨਿਯਮ ਜਾਂ ਸੋਧਾਂ ਨੂੰ ਜਨਰਲ ਮੀਟਿੰਗ ਵਿੱਚ ਇੱਕ ਸਾਧਾਰਣ ਕੋਰਮ ਨਾਲ ਹੀ ਸਾਧਾਰਣ ਬਹੁਗਿਣਤੀ ਰਾਹੀਂ ਹੀ ਅਪਣਾਇਆ ਜਾ ਸਕਦਾ ਹੈ।

## ਫੁਟਕਲ

54. ਸਭਾ ਨੂੰ ਅਜਿਹੀ ਆਡਿਟ ਫ਼ੀਸ ਅਦਾ ਕਰਨੀ ਹੋਵੇਗੀ ਜਿਸ ਦਾ ਮੁਲੰਕਣ ਸਮੇਂ ਸਮੇਂ ਸਿਰ ਸਮਰੱਥ ਅਥਾਰਟੀ ਵੱਲੋਂ ਕੀਤਾ ਜਾਵੇਗਾ

55. ਜੇ ਸਭਾ ਕਿਸੇ ਸਹਿਕਾਰੀ ਕੇਂਦਰੀ ਵਿੱਤ ਸੰਸਥਾਨ ਦੀ ਕਰਜ਼ਦਾਰ ਹੈ ਤਾਂ ਉਸ ਕੇਂਦਰੀ ਸੰਸਥਾਨ ਦਾ ਕੋਈ ਪ੍ਰਤੀਨਿਧੀ ਸਭਾ ਦੀਆਂ ਪੁਸਤਕਾਂ ਅਤੇ ਰਿਕਾਰਡ ਦਾ ਨਿਰੀਖਣ ਕਰਨ ਦੇ ਯੋਗ ਹੋਵੇਗਾ ਅਤੇ ਸਭਾ ਦੀ ਪ੍ਰਬੰਧਕੀ ਕਮੇਟੀ ਅਜਿਹੇ ਪ੍ਰਤੀਨਿਧੀਆਂ ਸਾਹਮਣੇ ਕਿਤਾਬਾਂ ਅਤੇ ਰਿਕਾਰਡ ਪੇਸ਼ ਕਰਨ ਦੇ ਇੰਤਜ਼ਾਮ ਕਰੇਗੀ।

56. ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੀਆਂ ਸੇਵਾਵਾਂ ਆਨਰੇਰੀ (ਅਵੇਤਨੀ) ਹੋਣਗੀਆਂ, ਪ੍ਰੰਤੂ ਉਨ੍ਹਾਂ ਨੂੰ ਕਮੇਟੀ ਵੱਲੋਂ ਨਿਸ਼ਚਿਤ ਅਤੇ ਰਜਿਸਟਰਾਰ ਵੱਲੋਂ ਪ੍ਰਵਾਨਿਤ ਪੈਮਾਨੇ ਉੱਤੇ ਸਫ਼ਰ ਅਤੇ ਰੋਜ਼ਾਨਾ ਭੱਤਾ ਦਿੱਤਾ ਜਾ ਸਕਦਾ ਹੈ।

57. ਇਨ੍ਹਾਂ ਉੱਪ-ਨਿਯਮਾਂ ਦੀ ਵਿਆਖਿਆ ਨਾਲ ਸਬੰਧਤ ਪੈਦਾ ਹੋਣ ਵਾਲੇ ਸ਼ੰਕਿਆਂ ਨੂੰ ਰਜਿਸਟਰਾਰ ਕੋਲ ਭੇਜਿਆ ਕੀਤਾ ਜਾ ਸਕਦਾ ਹੈ, ਜਿਨ੍ਹਾਂ ਦਾ ਫ਼ੈਸਲਾ ਅੰਤਿਮ ਹੋਵੇਗਾ।

58. (ਏ) ਐਵਾਰਡਾਂ/ ਫਰਮਾਨਾਂ ਦੀ ਤਾਮੀਲ - ਪੰਜਾਬ ਸਹਿਕਾਰੀ ਸਭਾਵਾਂ ਬਾਰੇ ਕਾਨੂੰਨ, 1961 ਅਤੇ ਸਹਿਕਾਰੀ ਸਭਾਵਾਂ ਬਾਰੇ ਨਿਯਮ 1963 ਅਤੇ ਰਜਿਸਟਰਾਰ, ਸਹਿਕਾਰੀ ਸਭਾਵਾਂ ਦੇ ਇਸ ਸਬੰਧੀ ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ।

(ਬੀ) ਸਭਾ ਵੱਲੋਂ ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵੱਲੋਂ ਸਮੇਂ ਸਮੇਂ ਸਿਰ ਤੈਅ ਕੀਤੇ ਗਏ ਮਾਪਦੰਡਾਂ ਅਨੁਸਾਰ ਨਿਸ਼ਚਿਤ ਰੂਪ ਵਿੱਚ ਸਕਿਓਰਿਟੀ (ਜ਼ਮਾਨਤ) ਲਏ ਬਿਨਾ ਰੁਜ਼ਗਾਰ ਨਹੀਂ ਦਿੱਤਾ ਜਾਵੇਗਾ।

6●. ਸਭਾ ਜਾਂ ਇਸਦੀ ਪ੍ਰਬੰਧਕੀ ਕਮੇਟੀ ਵੱਲੋਂ ਸਭਾ ਦੇ ਤਨਖ਼ਾਹਦਾਰ ਨੌਕਰ ਖ਼ਿਲਾਫ਼ ਕੀਤੀ ਜਾਣ ਵਾਲੀ ਅਨੁਸ਼ਾਸਨੀ ਕਾਰਵਾਈ ਕਾਰਨ ਪੈਦਾ ਹੋਏ ਵਿਵਾਦ ਤੋਂ ਛੁੱਟ ; ਸਭਾ ਦੇ ਨਿਰਮਾਣ ਕਾਰਜ ਜਾਂ ਕਾਰ-ਵਿਹਾਰ ਨਾਲ ਸਬੰਧਤ ਵਿਵਾਦਾਂ ਨਾਲ ਪੰਜਾਬ ਸਹਿਕਾਰੀ ਸਭਾਵਾਂ ਬਾਰੇ ਕਾਨੂੰਨ ਦੀਆਂ ਢੁਕਵੀਆਂ ਵਿਵਸਥਾਵਾਂ ਅਤੇ ਉਨ੍ਹਾਂ ਅਧੀਨ ਬਣਾਏ ਨਿਯਮਾਂ ਰਾਹੀਂ ਨਜਿੱਠਿਆ ਜਾਵੇਗਾ।

61. ਇਹ ਸਭਾ ਸਹਿਕਾਰੀ ਸਭਾਵਾਂ ਬਾਰੇ ਕਾਨੂੰਨ ਤਹਿਤ ਸਮਰੱਥ ਅਥਾਰਟੀ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਢੰਗ ਮੁਤਾਬਕ ਧਨ ਨਾਲ ਸਬੰਧਤ ਖਾਤਿਆਂ ਅਤੇ ਹੋਰ ਰਿਕਾਰਡ ਦਾ ਰੱਖ-ਰਖਾਅ ਰੱਖੇਗੀ।

62. ਸਭਾ ਨੂੰ ਰਜਿਸਟਰਾਰ ਵੱਲੋਂ ਨਿਸ਼ਚਿਤ ਸਮੇਂ ਅਨੁਸਾਰ ਰਿਟਰਨਾਂ ਅਤੇ ਸਟੇਟਮੈਂਟਾਂ ਤਿਆਰ ਕਰਨੀਆਂ ਹੋਣਗੀਆਂ ਅਤੇ ਉਨ੍ਹਾਂ ਨੂੰ ਸਮੇਂ ਸਿਰ ਪੇਸ਼ ਵੀ ਕਰਨਾ ਹੋਵੇਗਾ।

63. ਸਭਾ ਨੂੰ ਪੰਜਾਬ ਸਹਿਕਾਰੀ ਸਭਾਵਾਂ ਬਾਰੇ ਕਾਨੂੰਨ ਦੀਆਂ ਵਾਜਬ ਵਿਵਸਥਾਵਾਂ ਰਾਹੀਂ ਵਰਣਿਤ ਹਾਲਾਤ ਵਿੱਚ ਬੰਦ ਕੀਤਾ ਜਾ ਸਕਦਾ ਹੈ ਅਤੇ ਅਜਿਹੇ ਕਾਨੂੰਨ ਅਤੇ ਉਸ ਤਹਿਤ ਬਣਾਏ ਨਿਯਮਾਂ ਵਿੱਚ ਦਰਸਾਈ ਕਾਰਜ ਵਿਧੀ ਮੁਤਾਬਕ ਰਜਿਸਟਰਾਰ ਵੱਲੋਂ ਰੱਦ ਕੀਤਾ ਜਾ ਸਕਦਾ ਹੈ।

64. ਇਨ੍ਹਾਂ ਉੱਪ-ਨਿਯਮਾਂ ਵਿੱਚ, ਜਦੋਂ ਤੱਕ ਕਿ ਕੁੱਝ ਵੀ ਇਸ ਪ੍ਰਸੰਗ ਦੇ ਖ਼ਿਲਾਫ਼ ਨਾ ਹੋਵੇ, ਰਜਿਸਟਰਾਰ ਆਪਣੇ ਮਾਤਹਿਤ ਇੱਕ ਅਧਿਕਾਰੀ ਨੂੰ ਸ਼ਾਮਿਲ ਕਰੇਗਾ ਅਤੇ ਇਸ ਲਈ ਅਧਿਕਾਰਤ ਕਰੇਗਾ।